# ਗੁਰੂ ਨਾਨਕ ਦੇਵ ਜੀ
# (ਸੰਨ ੧੪੬੯-੧੫੩੯)

ਗੁਰੂ ਨਾਨਕ ਜੀ ਦਾ ਅਵਤਾਰ ਸੰਨ ੧੪੬੯ [1] ਵਿੱਚ ਰਾਇ ਭੁਇ ਦੀ ਤਲਵੰਡੀ, ਜਿਸਨੂੰ ਹੁਣ ਨਨਕਾਣਾ ਸਾਹਿਬ ਨਾਮ ਨਾਲ ਜਾਣਦੇ ਹਾਂ ਅਤੇ ਪੱਛਮੀ ਪਾਕਿਸਤਾਨ ਦੇ ਪੰਜਾਬ ਪ੍ਰਦੇਸ਼ ਵਿੱਚ ਸਥਿਤ ਹੈ, ਹੋਇਆ। ਇਹ ਥਾਂ ਲਾਹੌਰ ਤੋਂ ਉਤਰ-ਪੱਛਮ ਵੱਲ ੫੫ ਮੀਲ 'ਤੇ ਹੈ। ਆਪ ਜੀ ਦੇ ਪਿਤਾ ਮਹਿਤਾ ਕਾਲੂ ਜੀ ਇੱਕ ਪਟਵਾਰੀ ਸਨ। ਗੁਰੂ ਜੀ ਦੀ ਮਾਤਾ ਤ੍ਰਿਪਤਾ ਜੀ ਸਨ ਅਤੇ ਇੱਕ ਵੱਡੀ ਭੈਣ ਬੀਬੀ ਨਾਨਕੀ ਜੀ ਸਨ। ਗੁਰੂ ਜੀ ਦੇ ਬਚਪਨ ਤੋਂ ਹੀ ਬੀਬੀ ਨਾਨਕੀ ਜੀ ਨੇ ਇਨ੍ਹਾਂ ਵਿੱਚ ਰੱਬੀ ਨੂਰ ਵੇਖ ਲਿਆ ਪਰ ਇਹ ਭੇਤ ਕਿਸੇ ਨੂੰ ਨਹੀਂ ਦੱਸਿਆ। ਬੀਬੀ ਨਾਨਕੀ ਜੀ ਗੁਰੂ ਜੀ ਦੇ ਪਹਿਲੇ ਸਿੱਖ ਹੋਣ ਵਜੋਂ ਜਾਣੇ ਜਾਂਦੇ ਹਨ।

## ਗੁਰੂ ਜੀ ਦੀ ਸਕੂਲੀ ਵਿਦਿਆ :

ਗੁਰੂ ਜੀ ੭ ਵਰ੍ਹੇ ਦੇ ਸਨ ਕਿ ਪਿੰਡ ਵਿੱਚ ਪੰਡਤ ਗੋਪਾਲ ਦਾਸ ਪਾਂਧੇ ਕੋਲੋਂ ਪੜ੍ਹਨ ਵਾਸਤੇ ਭੇਜੇ ਗਏ। ਜਿਵੇਂ ਆਮ ਹੁੰਦਾ ਹੈ ਪਾਂਧੇ ਨੇ ਗੁਰੂ ਜੀ ਨੂੰ ਪੈਂਤੀ ਦੇ ਇੱਕ ਅੱਖਰ ਨਾਲ ਸਬਕ ਸ਼ੁਰੂ ਕਰਾਇਆ ਪਰ ਉਹ ਹੈਰਾਨ ਰਹਿ ਗਿਆ ਜਦ ਗੁਰੂ ਜੀ ਨੇ ਉਸ ਨੂੰ ਪੈਂਤੀ ਦੇ ਅਖਰਾਂ ਦੇ ਅਰਥ ਸਮਝਾਉਣ ਵਾਸਤੇ ਕਿਹਾ। ਜਦ ਪਾਂਧਾ ਲਾਚਾਰ ਦਿਸਿਆ ਤਾਂ ਗੁਰੂ ਜੀ ਨੇ ਪੈਂਤੀ ਦੇ ਹਰ ਇੱਕ ਅੱਖਰ ਦਾ ਅਰਥ ਲਿਖ ਵਿਖਾਇਆ। ਇਹ ਗੁਰੂ ਨਾਨਕ [2] ਜੀ ਦੀ ਉਚਾਰੀ ਪਹਿਲੀ ਅਰਸ਼ੀ ਬਾਣੀ ਸੀ।[2] ਇਹ ਪੈਂਤੀ ਦੇ ਅੱਖਰਾਂ ਰਾਹੀਂ ਮਨੁੱਖਾਂ ਦੇ ਜੀਵਨ ਅਤੇ ਅਕਾਲਪੁਰਖ ਸਬੰਧੀ ਡੂੰਘੇਰੀ ਸਚਾਈ ਅਤੇ ਅਕਾਲ ਪੁਰਖ ਨਾਲ ਮਿਲਣ ਦੇ ਰਾਹ ਦੀ ਵਿਆਖਿਆ ਹੈ। ਪਾਂਧੇ ਨੇ ਅਰਸ਼ੀ ਗੁਰੂ ਅੱਗੇ ਸ਼ਰਮਸਾਰ ਖੜਾ, ਗੁਰੂ ਨਾਨਕ ਜੀ ਅੱਗੇ ਸਿਰ ਨਿਵਾਇਆ ਅਤੇ ਇਨ੍ਹਾਂ ਨੂੰ ਪਿਤਾ ਮਹਿਤਾ ਕਾਲੂ ਜੀ ਕੋਲ ਵਾਪਸ ਲਿਜਾਕੇ ਕਿਹਾ, "ਮਹਿਤਾ ਜੀ, ਤੁਹਾਡਾ ਪੁੱਤ੍ਰ ਇੱਕ ਅਵਤਾਰ ਹੈ ਅਤੇ ਕਲਿਜੁਗ ਦੇ ਸਤਾਏ ਲੋਕਾਂ ਦੀ ਕਲਿਆਣ ਕਰਨ ਆਇਆ ਹੈ। ਇਹ ਸੰਸਾਰ-ਗੁਰੂ ਹੋਵੇਗਾ। ਮੈਂ ਇਸ ਨੂੰ ਕੁਝ ਵੀ ਪੜ੍ਹਾਉਣ ਦੇ ਯੋਗ ਨਹੀਂ।"

ਕਈ ਲੇਖਕਾਂ ਦਾ ਵਿੱਚਾਰ ਹੈ ਕਿ ਗੁਰੂ ਜੀ ਪਹਿਲਾਂ ਵੱਖ ਵੱਖ ਹਿੰਦੂ ਅਤੇ ਮੁਸਲਮਾਨਾਂ ਦੇ ਸਕੂਲਾਂ ਵਿੱਚ ਵੇਦਾਂ ਅਤੇ ਕੁਰਾਨ ਸੰਬੰਧੀ ਸਿਖਿਆ ਲੈਣ ਲਈ ਭੇਜੇ ਗਏ ਸਨ ਅਤੇ ਇਹਨਾਂ ਗ੍ਰੰਥਾਂ ਤੋਂ ਗਿਆਨ ਲੈਣ ਤੋਂ ਪਿਛੋਂ ਹੀ ਇਨ੍ਹਾਂ ਨੇ ਆਪਣਾ ਧਰਮ ਅਰੰਭਿਆ। ਮੈਲਕਮ ਅਨੁਸਾਰ ਗੁਰੂ ਨਾਨਕ ਜੀ ਨੇ ਸਾਰਾ ਸੰਸਾਰਕ ਗਿਆਨ, ਪੈਗੰਬਰ ਖਿਜ਼ਰ ਤੋਂ ਲਿਆ ਦੱਸਿਆ ਜਾਂਦਾ ਹੈ। ਕਨਿੰਘਮ ਲਿਖਦਾ ਹੈ:- "ਇਹ ਮੰਨਣ ਯੋਗ ਹੈ ਕਿ ਗੁਰੂ ਨਾਨਕ ਨੇ ਜਵਾਨ ਅਵਸਥਾ ਵਿੱਚ ਹਿੰਦੂ ਅਤੇ ਮੁਸਲਮਾਨਾਂ ਦੋਹਾਂ ਦੇ ਪ੍ਰਚਲਤ ਮੱਤਾਂ ਦੇ ਸਿਧਾਂਤ ਤੋਂ ਆਪਣੇ ਆਪ ਨੂੰ ਜਾਣੂੰ ਕਰ ਲਿਆ ਅਤੇ ਕੁਰਾਨ ਅਤੇ ਬ੍ਰਾਹਮਣੀ ਸ਼ਾਸਤਰਾਂ ਸੰਬੰਧੀ ਆਮ ਗਿਆਨ ਪ੍ਰਾਪਤ ਕਰ ਲਿਆ।"

ਜਾਪਦਾ ਹੈ ਕਿ ਇਹਨਾਂ ਇਤਿਹਾਸ ਦੇ ਵਿਦਵਾਨਾਂ ਨੇ ਗੁਰੂ ਨਾਨਕ ਜੀ ਦੀ ਈਸ਼ਵਰਤਾ ਦੇ ਪ੍ਰਧਾਨ ਮੂਲ ਤਤ ਨੂੰ ਨਹੀਂ ਸਮਝਿਆ। ਗੁਰੂ ਜੀ ਜਨਮ ਤੋਂ ਹੀ ਇਲਾਹੀ ਪਦਵੀ ਦੇ ਮਾਲਕ ਸਨ ਅਤੇ ਇਸ ਕਰਕੇ ਇਨ੍ਹਾਂ ਦੇ ਉਪਦੇਸ਼ ਵੀ ਅਰਸ਼ੀ ਸਨ। ਇਹ ਲੇਖਕ ਇਸ ਤੱਥ ਤੋਂ ਬਹੁਤ ਹੀ ਅਨਜਾਣ ਜਾਪਦੇ ਹਨ ਕਿ ਗੁਰੂ ਨਾਨਕ ਜੀ ਈਸ਼ਵਰੀ ਪ੍ਰਕਾਸ਼ ਦਾ ਸਾਕਾਰ ਰੂਪ ਸਨ। ਉਹ ਇੱਕ ਅਰਸ਼ੀ ਜੀਵ ਸਨ ਅਤੇ ਉਹਨਾਂ ਦੇ ਰੱਬੀ ਗੁਣਾਂ ਨੇ ਉਨ੍ਹਾਂ ਨੂੰ ਮਨੁੱਖ ਜਾਤੀ ਅਤੇ ਇਸਦੇ ਮੱਤਾਂ ਤੋਂ ਬਹੁਤ ਉਚੇ ਰੱਖਿਆ। ਇਤਿਹਾਸਕਾਰ ਗੁਰੂ ਜੋਤਿ ਵਿੱਚਲੇ ਤੇਜ਼ ਪ੍ਰਤਾਪ ਨੂੰ ਅਨੁਭਵ ਕਰਨ ਤੋਂ ਅਸਫਲ ਰਹੇ ਹਨ। ਅਰਸ਼ੀ ਰੂਹ ਮਨੁਖ ਦੀਆਂ ਬਣਾਈਆਂ ਸੰਸਥਾਵਾਂ ਤੋਂ ਨਹੀਂ ਸਿੱਖਦੀ। ਗੁਰੂ ਨਾਨਕ ਜੀ ਅਰਸ਼ੀ ਸੰਦੇਸ਼ ਲੈਕੇ ਆਏ ਸੀ ਅਤੇ ਜਨਮ ਤੋਂ ਹੀ ਸੰਸਾਰ ਦੇ ਗੁਰੂ ਸਨ ਜਿਨ੍ਹਾਂ ਨੇ ਮਨੁੱਖ ਜਾਤੀ ਨੂੰ ਨੇਕੀ ਅਤੇ ਸਚ ਦਾ ਰਾਹ ਸਿੱਖਾਇਆ। ਗੁਰੂ ਨਾਨਕ ਜੀ ਦੀ ਈਸ਼ਵਰਤਾ ਸੰਸਾਰ ਦੀਆਂ ਸੰਸਥਾਵਾਂ ਅਤੇ ਸਿਖਿਆਵਾਂ ਤੋਂ ਉਤੇ ਸੀ। ਗੁਰੂ ਜੀ ਨੇ ਜੋ ਸੰਦੇਸ਼ ਇਸ ਸੰਸਾਰ ਨੂੰ ਦਿਤਾ ਉਹ ਉਨ੍ਹਾਂ ਨੂੰ ਸਿਧਾ ਅਕਾਲਪੁਰਖ ਤੋਂ ਮਿਲਿਆ ਸੀ ਅਤੇ ਉਹ ਆਪ ਇਸ ਦੀ ਪੁਸ਼ਟੀ ਕਰਦੇ ਹਨ:-

"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।" [3]

(ਤਿਲੰਗ ਮਹਲਾ ੧, ਪੰਨਾ ੭੨੨)

"ਤਾ ਮੈ ਕਹਿਆ ਕਹਿਣ ਜਾ ਤੁਝੈ ਕਹਾਇਆ।"

(ਵਡਹੰਸ ਮਹਲਾ ੧, ਪੰਨਾ ੫੬੬)

ਜਨਮ ਸਾਖੀ ਵਿੱਚ ਇਹ ਭੀ ਦੱਸਿਆ ਹੈ ਕਿ ਬਹੁਤ ਵੇਰ ਗੁਰੂ ਨਾਨਕ ਜੀ ਆਪਣੇ ਸਾਥੀ ਮਰਦਾਨਾ੪ ਨੂੰ ਕਿਹਾ ਕਰਦੇ ਸਨ: ''ਮਰਦਾਨਾ [੪], ਰਬਾਬ ਵਜਾ ਅਰਸ਼ੀ ਬਾਣੀ ਆ ਰਹੀ ਹੈ।" ਇਹ ਇਸ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਹਿੰਦੂ ਅਤੇ ਮੁਸਲਿਮ ਧਾਰਮਕ ਸੰਸਥਾਵਾਂ ਤੋਂ ਮਿਲਦੀ ਵਿਦਿਆ ਦਾ ਗੁਰੂ ਨਾਨਕ ਜੀ ਨੂੰ ਮਿਲੀ ਰੱਬੀ ਬਾਣੀ, ਜੋ ਉਨ੍ਹਾਂ ਨੇ ਸੰਸਾਰ ਗੋਚਰੇ ਕੀਤੀ, ਨਾਲ ਕੋਈ ਸੰਬੰਧ ਨਹੀਂ। **ਇਹ ਕਹਿਣਾ ਕਿ ਗੁਰੂ ਜੀ ਵੱਖ ਵੱਖ ਸੰਸਥਾਵਾਂ ਵਿੱਚ ਗਿਆਨ ਪ੍ਰਾਪਤ ਕਰਨ ਵਾਸਤੇ ਗਏ ਗੁਰੂ ਪਦਵੀ ਦੀ ਪਵਿਤਰਤਾ ਦਾ ਖੰਡਨ ਕਰਨਾ ਹੈ।**

## ਜਨੇਊ ਦੀ ਰਸਮ :

ਗੁਰੂ ਨਾਨਕ ਨੌ ਵਰ੍ਹਿਆਂ ਦੇ ਸਨ ਅਤੇ ਹਿੰਦੂਆਂ ਦੀਆਂ ਉਚ ਜਾਤੀਆਂ ਵਿੱਚ ਰਿਵਾਜ ਅਨੁਸਾਰ ਇਨ੍ਹਾਂ ਨੂੰ ਜਨੇਊ ਪਹਿਨਾਉਣ ਦੀ ਰਸਮ ਕਰਨੀ ਸੀ। ਇਸ ਰਸਮ ਵਾਸਤੇ ਇਨ੍ਹਾਂ ਦੇ ਪਿਤਾ ਨੇ ਵੱਡੀਆਂ ਤਿਆਰੀਆਂ ਕੀਤੀਆਂ। ਪਰਵਾਰ ਦੇ ਪਰੋਹਤ, ਹਰਦਿਆਲ ਨੇ ਧਾਰਮਿਕ ਮੰਤਰ ਪੜ੍ਹਨੇ ਸ਼ੁਰੂ ਕੀਤੇ ਅਤੇ ਗੁਰੂ ਜੀ ਦੇ ਗਲ ਦੁਆਲੇ ਜਨੇਊ ਪਾਉਣ ਲਗਾ ਤਾਂ ਗੁਰੂ ਨਾਨਕ ਨੇ ਜਨੇਊ ਪਾਉਣ ਤੋਂ ਨਾਂਹ ਕਰ ਦਿਤੀ। ਸਾਰੇ ਉਥੇ ਬੈਠੇ ਲੋਕ ਹੈਰਾਨ ਹੋ ਗਏ। ਉਨ੍ਹਾਂ ਨੇ ਨਾਨਕ ਜੀ ਨੂੰ ਜਨੇਊ ਪਾਉਣ ਲਈ ਮਨਾਉਣ ਵਾਸਤੇ ਹਰ ਤਰ੍ਹਾਂ ਕੋਸ਼ਿਸ਼ ਕੀਤੀ ਪਰ ਸਫ਼ਲ ਨ ਹੋਏ। ਤਦ ਗੁਰੂ ਜੀ ਨੇ ਇਹ ਸ਼ਬਦ ਉਚਾਰਣ ਕੀਤਾ [੫] :

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ।।
ਲਖ ਠਗੀਆਂ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ।।
ਤਗੁ ਕਪਾਹਹੁ ਕਤੀਐ ਬਾਮ੍ਣੁ ਵਟੇ ਆਇ।।
ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ।।
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ।।
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ।।"

(ਆਸਾ ਦੀ ਵਾਰ, ਮਹਲਾ ੧, ਪੰਨਾ ੪੭੧)

ਪਰੋਹਤ ਅਤਿ ਨਿਰਾਸ ਹੋਇਆ ਪੁਛਣ ਲੱਗਾ, ''ਫੇਰ, ਨਾਨਕ, ਤੁਸੀਂ ਕਿਸ ਤਰ੍ਹਾਂ ਦਾ ਜਨੇਊ ਪਾਉਣਾ ਚਾਹੋਗੇ?" ਨਾਨਕ ਜੀ ਨੇ ਉੱਤਰ ਦਿੱਤਾ:-

''ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।।
ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ।।
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ।।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ।।

(ਆਸਾ ਦੀ ਵਾਰ, ਸਲੋਕ ਮ: ੧, ਪੰਨਾ ੪੭੧)

## ਕਾਲਾ ਨਾਗ ਇਲਾਹੀ ਗੁਰੂ ਦੀ ਸੇਵਾ ਵਿੱਚ :

ਜਿਵੇਂ ਪਿੰਡਾਂ ਵਿੱਚ ਆਮ ਹੁੰਦਾ ਹੈ, ਪਿਤਾ ਨੇ ਪੁਤ੍ਰ ਨਾਨਕ ਨੂੰ ਚਰਾਂਦਾਂ ਵਿੱਚ ਮੱਝਾਂ ਚਾਰਨ ਲਈ ਭੇਜਣਾ ਸ਼ੁਰੂ ਕਰ ਦਿਤਾ। ਇੱਕ ਦਿਨ ਜਦ ਗੁਰੂ ਜੀ ਮੱਝਾਂ ਚਰਾ ਰਹੇ ਸੀ ਉਹ ਇੱਕ ਬਿਰਛ ਹੇਠ ਲੇਟ ਕੇ ਸੌਂ ਗਏ ਅਤੇ ਮੱਝਾਂ ਨੇ ਨਾਲ ਲਗਦੇ ਖੇਤਾਂ ਵਿੱਚ ਜਾ ਕੇ ਫਸਲਾਂ ਖਰਾਬ ਕਰ ਦਿਤੀਆਂ। ਜਦ ਖੇਤਾਂ ਦੇ ਮਾਲਕ ਨੇ ਵੇਖਿਆ ਤਾਂ ਰੋਹ ਨਾਲ ਭਰ ਆਇਆ ਅਤੇ ਇਲਾਕੇ ਦੇ ਚੌਧਰੀ (ਹਾਕਮ), ਰਾਇ ਬੁਲਾਰ, ਕੋਲ ਜਾ ਸ਼ਿਕਾਇਤ ਕੀਤੀ। ਰਾਇ ਬੁਲਾਰ ਨੇ ਪਿਤਾ ਅਤੇ ਪੁਤ੍ਰ ਨੂੰ ਬੁਲਾਕੇ ਝਗੜੇ ਦਾ ਨਿਪਟਾਰਾ ਕਰਨ ਵਾਸਤੇ ਕਿਹਾ। ਗੁਰੂ ਜੀ ਨੇ ਸਾਰਿਆਂ ਨੂੰ ਦੱਸਿਆ ਕਿ ਖੇਤਾਂ ਦਾ ਕੁਝ ਨਹੀਂ ਵਿਗੜਿਆ ਸਗੋਂ ਈਸ਼ਵਰ ਨੇ ਉਨ੍ਹਾਂ ਫਸਲਾਂ ਤੇ ਮੇਹਰ ਬਖਸ਼ੀ ਹੈ। ਰਾਇ ਬੁਲਾਰ ਨੇ ਆਪਣੇ ਬੰਦੇ ਭੇਜੇ ਖੇਤ ਵੇਖਣ ਵਾਸਤੇ। ਸਾਰੇ ਹੈਰਾਨ ਹੋ ਗਏ ਜਦ ਉਹਨਾਂ ਨੇ ਵਾਪਸ ਆਕੇ ਦੱਸਿਆ ਕਿ ਉਥੇ ਕੋਈ ਨੁਕਸਾਨ ਨਹੀਂ ਹੋਇਆ, ਸਗੋਂ ਫਸਲਾਂ ਦੋਹਰੀਆਂ ਫਲੀਆਂ ਹੋਈਆਂ ਹਨ। ਜਿਨ੍ਹਾਂ ਖੇਤਾਂ ਵਿੱਚ ਇਹ ਘਟਨਾ ਹੋਈ ਉਥੇ ਹੁਣ 'ਕਿਆਰਾ ਸਾਹਿਬ' ਨਾਮ ਦਾ ਗੁਰਦਵਾਰਾ ਹੈ।

ਇੱਕ ਹੋਰ ਦਿਨ ਗੁਰੂ ਜੀ ਮੱਝਾਂ ਚਰਾਉਣ ਲੈ ਗਏ ਤਾਂ ਇੱਕ ਬਿਰਛ ਦੀ ਛਾਂ ਹੇਠ ਲੇਟੇ ਸੌਂ ਗਏ। ਜਿਉਂ ਸੂਰਜ ਉੱਚਾ ਹੋਇਆ, ਛਾਂ ਪਰ੍ਹਾਂ ਹੋ ਗਈ। ਇੱਕ ਵੱਡਾ ਕਾਲਾ ਨਾਗ ਆਪਣੀ ਖੁੱਡ ਵਿੱਚੋਂ ਆਇਆ ਅਤੇ ਇਲਾਹੀ ਗੁਰੂ ਦੇ ਚਿਹਰੇ ਤੇ ਆਪਣੇ ਫੰਨ੍ਹ ਨਾਲ ਛਾਂ ਕਰ ਦਿੱਤੀ। ਉਸ ਪਾਸਿਉਂ ਸਬੱਬੀ ਰਾਇ ਬੁਲਾਰ ਆਪਣੇ

ਅਰਦਲੀਆਂ ਨਾਲ ਲੰਘਿਆ। ਜਦ ਉਸਨੇ ਇਹ ਅਜੀਬ ਨਜ਼ਾਰਾ ਵੇਖਿਆ ਤਾਂ ਉਸਨੂੰ ਪੱਕਾ ਯਕੀਨ ਹੋ ਗਿਆ ਕਿ ਨਾਨਕ ਇੱਕ ਇਲਾਹੀ ਮਨੁੱਖ ਹੈ। ਲੋਕਾਂ ਨੂੰ ਵੇਖ ਕੇ ਨਾਗ ਆਪਣੀ ਖੁੱਡ ਵਿੱਚ ਚਲਾ ਗਿਆ ਅਤੇ ਰਾਇ ਬੁਲਾਰ ਨੇ ਬੜਾ ਸਤਿਕਾਰ ਕਰਦਿਆਂ ਗੁਰੂ ਜੀ ਦੇ ਚਰਨ ਛੋਹੇ ਅਤੇ ਉਨ੍ਹਾਂ ਦਾ ਸਿੱਖ ਬਣ ਗਿਆ।

## ਗੁਰੂ ਜੀ ਦਾ ਇੱਕਾਂਤ ਵਿੱਚ ਬੈਠਣਾ :

ਗੁਰੂ ਨਾਨਕ ਹੋਰ ਵੱਡੇ ਹੋਏ ਤਾਂ ਹੋਰਨਾਂ ਤੋਂ ਦੂਰ ਰਹਿਣਾ ਅਤੇ ਇੱਕਾਂਤ ਵਿੱਚ ਬੈਠਕੇ ਸਮਾਂ ਬਿਤਾਉਣਾ ਸ਼ੁਰੂ ਕਰ ਦਿੱਤਾ।ਕਈ ਕਈ ਦਿਨ ਉਹ ਇੱਕੱਲੇ ਏਕਾਂਤ ਵਿੱਚ ਚੁਪ ਚਾਪ ਬੈਠੇ ਰਹਿੰਦੇ ਅਤੇ ਅਰਾਧਨਾ ਕਰਦੇ ਸਮਾਂ ਬਿਤਾਉਂਦੇ। ਮਾਤਾ ਪਿਤਾ ਉਨ੍ਹਾਂ ਦੀ ਸਿਹਤ ਬਾਰੇ ਫਿਕਰਮੰਦ ਹੋ ਗਏ ਅਤੇ ਉਹਨਾਂ ਨੂੰ ਗੁਰੂ ਜੀ ਦਾ ਦੁਨੀਆਂਦਾਰੀ ਤੋਂ ਵਿਰਕਤ ਰਹਿਣਾ ਪਾਗਲਪਨ ਜਾਪਦਾ ਸੀ। ਇੱਕ ਦਿਨ ਉਨ੍ਹਾਂ ਨੇ ਆਪਣੇ ਵੈਦ ਹਰੀਦਾਸ ਨੂੰ ਬੁਲਾਇਆ। ਵੈਦ ਆਕੇ ਗੁਰੂ ਜੀ ਦੀ ਨਬਜ਼ ਵੇਖਣ ਲਗਾ। ਗੁਰੂ ਜੀ ਨੇ ਆਪਣੀ ਬਾਂਹ ਵੈਦ ਹਥੋਂ ਖਿਚ ਲਈ ਅਤੇ ਪੁਛਿਆ, "ਵੈਦ ਜੀ, ਤੁਸੀਂ ਕੀਹ ਕਰ ਰਹੇ ਹੋ?" ਵੈਦ ਨੇ ਉਤ੍ਰ ਦਿਤਾ ਕਿ ਉਹ ਉਨ੍ਹਾਂ ਦੀ ਬੀਮਾਰੀ ਦੀ ਜਾਂਚ ਕਰ ਰਿਹਾ ਸੀ। ਇਸ ਤੇ ਗੁਰੂ ਜੀ ਹੱਸੇ ਅਤੇ ਵੈਦ ਪ੍ਰਤੀ ਇਹ ਸ਼ਬਦ ਉਚਾਰਣ ਕੀਤਾ:-

"ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।।<br>
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ।।੧।।

(ਮਲਾਰ ਕੀ ਵਾਰ ਮਹਲਾ ੧, ਪੰਨਾ ੧੨੭੯)

ਵੈਦ ਹਰੀਦਾਸ ਕਮਲੇ ਮਨਾਂ ਵਾਲੇ ਰੋਗੀਆਂ ਬਾਰੇ ਜਾਣਦਾ ਸੀ। ਸੋ ਉਸਨੇ ਪੁੱਛਿਆ: "ਤੁਹਾਡਾ ਖਿਆਲ ਹੈ ਕਿ ਮੈਂ ਵੀ ਰੋਗੀ ਹਾਂ ਅਤੇ ਮੈਨੂੰ ਇਲਾਜ ਕਰਾਉਣ ਦੀ ਲੋੜ ਹੈ।" ਗੁਰੂ ਜੀ ਨੇ ਉਤ੍ਰ ਦਿੱਤਾ: "ਤੁਹਾਡੀ ਆਤਮਾ ਨੂੰ ਰੋਗ ਲੱਗਾ ਹੋਇਆ ਹੈ-ਹਉਮੈ ਦਾ ਰੋਗ। ਇਹ ਸਾਨੂੰ ਜੀਵਨ ਦੇ ਸੋਮੇ ਆਪ ਪਰਮੇਸ਼ਰ ਤੋਂ ਦੂਰ ਕਰਦਾ ਹੈ।" ਹਰੀਦਾਸ ਨੇ ਪੁਛਿਆ ਕਿ ਇਸਦਾ ਕੋਈ ਇਲਾਜ ਹੈ? ਗੁਰੂ ਜੀ ਨੇ ਉਤ੍ਰ ਦਿਤਾ:-

"ਕੰਚਨ ਕਾਇਆ ਨਿਰਮਲ ਹੰਸੁ।।<br>
ਜਿਸੁ ਮਹਿ ਨਾਮੁ ਨਿਰੰਜਨ ਅੰਸੁ।।<br>
ਦੂਖ ਰੋਗ ਸਭਿ ਗਇਆ ਗਵਾਇ।।<br>
ਨਾਨਕ ਛੂਟਸਿ ਸਾਚੈ ਨਾਇ।।

(ਮਲਾਰ ਮਹਲਾ ੧, ਪੰਨਾ ੧੨੫੬)

ਬਹੁਤ ਸਾਰੀ ਚਰਚਾ ਪਿਛੋਂ ਹਰੀਦਾਸ ਇਲਾਹੀ ਗੁਰੂ ਦੇ ਚਰਨਾਂ ਤੇ ਝੁਕਿਆ ਅਤੇ ਮਾਤਾ ਪਿਤਾ ਨੂੰ ਕਹਿਣ ਲੱਗਾ ਕਿ ਤੁਸੀਂ ਆਪਣੇ ਪੁਤ੍ਰ ਬਾਰੇ ਚਿੰਤਾ ਛਡ ਦਿਉ ਕਿਉਂਜੁ ਇਹ ਪੁਤ੍ਰ ਸਾਰੇ ਸੰਸਾਰ ਦੀਆਂ ਰੋਗੀ ਆਤਮਾਵਾਂ ਦਾ ਰੋਗ ਨਵਿਰਤ ਕਰਨ ਲਈ ਜਨਮਿਆ ਹੈ।

## ਸੱਚਾ ਸੌਦਾ :

ਗੁਰੂ ਜੀ ਦੀ ਆਤਮਕ ਮਹਾਨਤਾ ਬਾਰੇ ਐਨੇ ਸਾਰੇ ਪ੍ਰਮਾਣਾਂ ਦੇ ਬਾਵਜੂਦ ਮਹਿਤਾ ਕਾਲੂ ਜੀ ਨੂੰ ਯਕੀਨ ਨਹੀਂ ਹੋਇਆ ਸੀ ਅਤੇ ਉਨ੍ਹਾਂ ਸੋਚਿਆ ਕਿ ਪੁਤ੍ਰ ਐਵੇਂ ਲਾਭਹੀਣ ਸੋਚ ਵਿੱਚਾਰ ਵਿੱਚ ਸਮਾਂ ਬਰਬਾਦ ਕਰ ਰਿਹਾ ਹੈ। ਸੋ, ਉਹ ਨਾਨਕ ਜੀ ਨੂੰ ਵਪਾਰ ਵਿੱਚ ਪਾਉਣਾ ਚਾਹੁੰਦਾ ਸੀ। ਉਨ੍ਹਾਂ ਨੇ ਗੁਰੂ ਜੀ ਨੂੰ ਵੀਹ ਰੁਪਏ ਦੇ ਕੇ ਨੇੜੇ ਦੇ ਪਿੰਡ ਚੂਹੜਕਾਣਾਂ ਭੇਜਿਆ ਕਿ ਆਮ ਵਰਤੋਂ ਵਾਲੀਆਂ ਵਸਤਾਂ ਖਰੀਦਕੇ ਉਨ੍ਹਾਂ ਨੂੰ ਲਾਭਵੰਦੇ ਭਾਅ ਤੇ ਵੇਚ ਆਵੇ। ਪ੍ਰਵਾਰ ਦਾ ਸਹਾਇੱਕ ਬਾਲਾ ਵੀ ਨਾਲ ਭੇਜ ਦਿਤਾ।

ਜਾਂਦਿਆਂ ਰਾਹ ਵਿੱਚ ਗੁਰੂ ਜੀ ਨੇ ਫ਼ਕੀਰਾਂ ਦੀ ਇੱਕ ਟੋਲੀ ਵੇਖੀ ਜੋ ਕਈ ਦਿਨਾਂ ਦੇ ਭੁੱਖੇ ਸਨ। ਗੁਰੂ ਜੀ ਨੇ ਸਾਰੇ ਰੁਪਈਆਂ ਦਾ ਰਸਦ-ਪਾਣੀ ਮੰਗਵਾ ਕੇ ਫ਼ਕੀਰਾਂ ਨੂੰ ਖੁਆ ਦਿਤਾ ਅਤੇ ਇਸਨੂੰ ਇੱਕ ਸੱਚਾ ਸੌਦਾ ਕਹਿਆ। ਗੁਰੂ ਜੀ ਨੇ ਅਨੁਭਵ ਕਰ ਲਿਆ ਕਿ ਉਨ੍ਹਾਂ ਨੇ ਕਿਹੋ ਜੇਹਾ ਕਾਰਜ ਕੀਤਾ ਹੈ ਅਤੇ ਵਾਪਸ ਘਰ ਨ ਗਏ, ਸਗੋਂ ਪਿੰਡ ਤੋਂ ਬਾਹਰ ਇੱਕ ਬਿਰਛ ਹੇਠ ਬਹਿ ਗਏ। ਬਾਲਾ ਘਰ ਗਿਆ ਅਤੇ ਪਿਤਾ ਨੂੰ ਸਾਰੀ ਗੱਲ ਦੱਸੀ। ਪਿਤਾ ਮਹਿਤਾ ਕਾਲੂ ਨੂੰ ਬੜਾ ਹੀ ਗੁੱਸਾ ਆਇਆ ਪਰ ਗੁਰੂ ਜੀ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਤੋਂ ਵਧੇਰੇ ਲਾਭ ਵਾਲਾ ਸੌਦਾ ਹੋਰ ਕੋਈ ਖਿਆਲ ਵਿੱਚ ਨਹੀਂ ਆਉਂਦਾ ਸੀ। ਇਹ ਪਵਿਤਰ ਪੁਰਾਣਾ ਬਿਰਛ ਅਜ ਤਕ ਸੰਭਾਲ ਰਖਿਆ ਹੋਇਆ ਹੈ। ਗੁਰੂ ਜੀ ਦੀ ਇਸ ਯਾਦ ਵਿੱਚ ਉਥੇ ਗੁਰਦਵਾਰਾ 'ਥੰਮ ਸਾਹਿਬ' ਸਥਿਤ ਹੈ।

ਇਹਨਾਂ ਸਾਰੀਆਂ ਘਟਨਾਵਾਂ ਨਾਲ ਗੁਰੂ ਜੀ ਦੀ ਆਮ ਸੰਸਾਰਕ ਮਾਮਲਿਆਂ ਵਲੋਂ ਅਰੁਚੀ ਉਤੇ ਕੋਈ ਅਸਰ ਨਾ ਹੋਇਆ ਅਤੇ ਉਹ ਪ੍ਰਭੂ ਅਰਾਧਨਾ ਵਿੱਚ ਹੀ ਮਸਤ ਰਹੇ।

## ਗੁਰੂ ਜੀ ਦਾ ਵਿਆਹ :

ਗੁਰੂ ਜੀ ਨੂੰ ਸੰਸਾਰ ਦੇ ਕਾਰ-ਵਿਹਾਰ ਵਿੱਚ ਪਾਉਣ ਵਾਸਤੇ ਅਗਲਾ ਕਦਮ ਸੀ ਵਿਆਹ। ਵੱਖ ਵੱਖ ਜਨਮਸਾਖੀਆਂ ਵਿੱਚ ਗੁਰੂ ਜੀ ਦੇ ਵਿਆਹ ਦੀ ਵੱਖ ਵੱਖ ਤਰੀਕ ਦਿਤੀ ਹੈ ਅਤੇ ਇਹੀ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਦੀ ੧੪ ਤੋਂ ੧੮ ਵਰ੍ਹੇ ਦੀ ਉਮਰ ਸੀ ਜਦ ਉਨ੍ਹਾਂ ਦਾ ਵਿਆਹ ਹੋਇਆ। ਗੁਰੂ ਜੀ ਦੀ ਪਤਨੀ, ਬੀਬੀ ਸੁਲਖਣੀ, ਗੁਰਦਾਸਪੁਰ ਜ਼ਿਲੇ ਵਿੱਚ ਬਟਾਲਾ ਨਗਰ ਦੇ ਵਾਸੀ ਭਾਈ ਮੂਲਾ ਜੀ ਦੀ ਸਪੁਤ੍ਰੀ ਸੀ। ਉਨ੍ਹਾਂ ਦੇ ਦੋ ਸਪੁਤ੍ਰ ਹੋਏ, ਸਿਰੀ ਚੰਦ ਅਤੇ ਲਖਮੀ ਦਾਸ।

ਪਿਤਾ ਕਾਲੂ ਜੀ ਨੇ ਛੇਤੀ ਹੀ ਵੇਖ ਲਿਆ ਕਿ ਵਿਆਹਤ ਜੀਵਨ ਵੀ ਗੁਰੂ ਜੀ ਨੂੰ ਆਪਣੇ ਅਧਿਆਤਮਕ ਮਿਸ਼ਨ ਦੇ ਕਾਰਜਾਂ ਵਲੋਂ ਛੁਡਵਾ ਨਹੀਂ ਸਕਿਆ। ਅਸਲ ਵਿੱਚ ਗੁਰੂ ਜੀ ਆਪਣਾ ਫਰਜ਼ ਆਪਣੇ ਆਪ ਅਤੇ ਆਪਣੇ ਪਰਵਾਰ ਦੀ ਦੇਖ ਭਾਲ ਕਰਨਾ ਹੀ ਨਹੀਂ ਸਮਝਦੇ ਸਨ, ਸਗੋਂ ਇਸਤੋਂ ਉਤਾਂਹ ਉਠਕੇ, ਈਸ਼ਵਰੀ ਪ੍ਰਬੰਧ ਵਿੱਚ ਆਪਣਾ ਆਪ ਲਗਾ ਕੇ ਆਪਣੇ ਦੁਆਲੇ ਸੰਸਾਰ ਨੂੰ ਅਧਿਆਤਮਕ ਰੰਗ ਵਿੱਚ ਰੰਗਣਾ, ਸਾਰੀ ਮਨੁੱਖ ਜਾਤੀ ਹੀ ਗੁਰੂ ਜੀ ਦਾ ਪ੍ਰਵਾਰ ਸੀ ਅਤੇ ਮਨੁੱਖ ਜਾਤੀ ਦੀ ਸੇਵਾ ਹੀ ਪ੍ਰਭੂ ਦੀ ਸੇਵਾ ਸੀ। ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਗੁਰੂ ਨਾਨਕ ਜੀ ਨੇ ਸੰਸਾਰ ਸੜਦਾ ਵੇਖਿਆ, ਝੂਠ, ਜ਼ੁਲਮ, ਫਰੇਬ ਅਤੇ ਕੱਟੜਪੁਣੇ ਦੀ ਅੱਗ ਨਾਲ। ਉਨ੍ਹਾਂ ਨੂੰ ਸੰਸਾਰ ਵਿੱਚੋਂ ਇਹ ਅੱਗ ਸਦੀਵੀ ਪਿਆਰ, ਸਚਾਈ ਅਤੇ ਸ਼ਰਧਾ ਰਾਹੀਂ ਬੁਝਾਉਣ ਵਾਸਤੇ ਸੰਸਾਰ ਵਿੱਚ ਫਿਰਨਾ ਪਿਆ। ਗੁਰੂ ਜੀ ਦਾ ਇਲਾਹੀ ਮਿਸ਼ਨ ਸੀ ਮਨੁੱਖ ਜਾਤੀ ਨੂੰ ਭਰਾਤਰੀ ਭਾਵ ਅਤੇ ਇੱਕ ਅਕਾਲਪੁਰਖ ਨੂੰ ਸਾਰਿਆਂ ਦਾ ਪਿਤਾ ਮੰਨਣ ਲਈ ਸਿਖਿਆ ਦੇਣੀ। "ਸਾਰੇ ਜੀਵ ਇੱਕ ਅਕਾਲ ਪੁਰਖ ਦੀ ਅੰਸ਼ ਹਨ, ਸਾਰੀ ਮਨੁੱਖ ਜਾਤੀ ਇੱਕ ਅਕਾਲ ਪੁਰਖ ਦੀ ਜੋਤਿ ਹੈ, ਤਦ ਮਾੜਾ ਕੌਣ ਅਤੇ ਚੰਗਾ ਕੌਣ?"

## ਗੁਰੂ ਨਾਨਕ ਜੀ ਸੁਲਤਾਨਪੁਰ ਆਏ :

ਗੁਰੂ ਜੀ ਦਾ ਭਣਵਈਆ, ਜੈ ਰਾਮ, ਸੁਲਤਾਨ ਪੁਰ ਦੇ ਹਾਕਮ ਨਵਾਬ ਦੌਲਤ ਖਾਨ ਲੋਧੀ ਦਾ ਦੀਵਾਨ ਲੱਗਾ ਹੋਇਆ ਸੀ। ਕਿਹਾ ਜਾਂਦਾ ਹੈ ਕਿ ਜੈ ਰਾਮ ਅਤੇ ਰਾਇ ਬੁਲਾਰ ਦੋਵੇਂ ਇਸ ਵਿੱਚਾਰ ਦੇ ਸਨ ਕਿ ਨਾਨਕ ਇੱਕ ਸੰਤ ਹੈ ਜਿਸ ਨਾਲ ਪਿਤਾ ਚੰਗਾ ਵਰਤਾਉ ਨਹੀਂ ਕਰ ਰਿਹਾ। ਸੋ ਜੈ ਰਾਮ ਨੇ ਇੱਕਰਾਰ ਕੀਤਾ ਕਿ ਗੁਰੂ ਜੀ ਵਾਸਤੇ ਸੁਲਤਾਨਪੁਰ ਵਿੱਚ ਕੋਈ ਨੌਕਰੀ ਲੱਭ ਦੇਵੇਗਾ। ਗੁਰੂ ਜੀ ਦੀ ਭੈਣ, ਬੀਬੀ ਨਾਨਕੀ ਗੁਰੂ ਜੀ ਦੀ ਅਤਿਅੰਤ ਸ਼ਰਧਾਲੂ ਸੀ। ਦੋਵੇਂ ਜਦ ਵਰ੍ਹੇ ਪਿਛੋਂ ਤਲਵੰਡੀ ਮਾਪਿਆਂ ਨੂੰ ਮਿਲਣ ਆਏ, ਬੀਬੀ ਨੇ ਗੁਰੂ ਜੀ ਦੀ ਸੰਸਾਰਕ ਕੰਮਾਂ ਵਲੋਂ ਅਰੁਚੀ ਕਾਰਨ ਪਿਤਾ ਨੂੰ ਛਿੱਥੇ ਪੈਂਦਿਆਂ ਵੇਖਿਆ ਤਾਂ ਉਸਨੇ ਵੀਰ ਨੂੰ ਆਪਣੇ ਨਾਲ ਸੁਲਤਾਨਪੁਰ ਲੈ ਜਾਣ ਦਾ ਫੈਸਲਾ ਕਰ ਲਿਆ। ਪਿਤਾ ਕਾਲੂ ਵੀ ਮੰਨ ਗਏ।

ਜੈ ਰਾਮ ਨੇ ਗੁਰੂ ਜੀ ਨੂੰ ਨਵਾਬ ਦੇ ਸਰਕਾਰੀ ਅਨਾਜ ਗੁਦਾਮ ਦੇ ਮੋਦੀ ਦੀ ਨੌਕਰੀ ਲੈ ਦਿਤੀ, ਜਿਥੇ ਜ਼ਮੀਨਾਂ ਦੇ ਮਾਲੀਏ ਵਜੋਂ ਆਇਆ ਅਨਾਜ ਇੱਕੱਠਾ ਹੁੰਦਾ ਸੀ ਜੋ ਪਿਛੋਂ ਵੇਚਿਆ ਜਾਂਦਾ ਸੀ। ਗੁਰੂ ਜੀ ਨੇ ਮੋਦੀ ਦਾ ਕੰਮ ਬੜੀ ਕੁਸ਼ਲਤਾ ਨਾਲ ਕੀਤਾ। ਰਬਾਬੀ ਮਰਦਾਨਾ ਵੀ ਪਿਛੋਂ ਗੁਰੂ ਜੀ ਕੋਲ ਆ ਗਿਆ ਅਤੇ ਹੋਰ ਮਿਤਰ ਵੀ। ਗੁਰੂ ਜੀ ਨੇ ਸਭ ਦਾ ਪਰਿਚੈ ਖਾਨ ਨਾਲ ਕਰਵਾਇਆ, ਜਿਸਨੇ ਇਹਨਾਂ ਨੂੰ ਆਪਣੇ ਰਾਜ-ਪ੍ਰਬੰਧ ਵਿੱਚ ਯੋਗ ਨੌਕਰੀਆਂ ਉਤੇ ਲਾ ਲਿਆ। ਹਰ ਰਾਤ ਸ਼ਬਦ-ਕੀਰਤਨ ਹੋਣ ਲੱਗਾ।

ਇੱਕ ਦਿਨ ਗੁਰੂ ਜੀ ਅਨਾਜ ਤੋਲਦੇ ਇੱਕ ਇੱਕ ਤੋਲ ਗਿਣਦੇ ਜਾਂਦੇ ਸਨ 'ਇੱਕ, ਦੋ, ਤਿੰਨ,.....ਦਸ, ਯਾਰਾਂ, ਬਾਰਾਂ, ਤੇਰਾਂ'। ਜਦ ਤੇਰਾਂ ਗਿਣਿਆ ਤਾਂ ਗੁਰੂ ਜੀ ਸਮਾਧੀ ਵਿੱਚ ਲੀਣ ਹੋ ਕੇ "ਤੇਰਾ, ਤੇਰਾ, ਤੇਰਾ,....." ਕਹਿੰਦੇ ਅਨਾਜ ਤੋਲਦੇ ਗਏ। ਗਾਹਕਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਇਸ ਮੋਦੀ ਵਲੋਂ ਕਿਰਪਾਲਤਾ ਨਾਲ ਐਨਾ ਚੋਖਾ ਅਨਾਜ ਕਿਸ ਤਰ੍ਹਾਂ ਚੁਕ ਲਿਜਾਣ। ਉਹਨਾਂ ਨੂੰ ਅਕਾਲਪੁਰਖ ਦੀਆਂ ਬਖਸ਼ਿਸ਼ਾਂ ਦਾ ਅਨੁਮਾਨ ਨਹੀਂ ਸੀ।

ਅਖੀਰ ਜਦ ਇਸ ਤਰ੍ਹਾਂ ਦੇ ਮਾਮਲੇ ਦੀ ਸਿੱਖਰ ਹੋ ਗਈ ਤਾਂ ਗੁਰੂ ਜੀ ਦੇ ਵਿਰੁੱਧ ਦੋਸ਼ ਲਾਇਆ ਗਿਆ ਕਿ ਉਹ ਬੇਧਿਆਨੇ ਅਨਾਜ ਲੁਟਾਈ ਜਾ ਰਹੇ ਸਨ। ਨਵਾਬ ਨੇ ਪੜਤਾਲ ਕਰਨ ਦਾ ਹੁਕਮ ਦਿੱਤਾ ਜੋ ਬੜੀ ਸਾਵਧਾਨੀ ਨਾਲ ਕੀਤੀ ਗਈ। ਗੁਰੂ ਜੀ ਨੂੰ ਬਦਨਾਮ ਕਰਨ ਵਾਲੇ ਹੈਰਾਨ ਹੋ ਗਏ ਜਦ ਗੁਦਾਮ ਵਿੱਚ ਅਨਾਜ

ਪੂਰਾ ਨਿਕਲਿਆ ਅਤੇ ਹਿਸਾਬ ਵਿੱਚ ਵੀ ਗੁਰੂ ਜੀ ਦੇ ਹੱਕ ਵਿੱਚ ਬਾਕੀ ਰਕਮ ਨਿਕਲੀ। ਇਸ ਪਿਛੋਂ ਗੁਰੂ ਜੀ ਨੇ ਆਪਣਾ ਅਸਤੀਫਾ ਨਵਾਬ ਨੂੰ ਦੇ ਦਿੱਤਾ ਤਾਂ ਜੁ ਉਹ ਆਪਣੇ ਇਲਾਹੀ ਮਿਸ਼ਨ ਵਿੱਚ ਲੱਗ ਜਾਣ।

## ਗੁਰੂ ਜੀ ਦਾ ਅਲੋਪ ਹੋਣਾ :

ਜਨਮ ਸਾਖੀਆਂ ਦੱਸਦੀਆਂ ਹਨ ਕਿ ਇੱਕ ਦਿਨ ਗੁਰੂ ਜੀ ਨੇੜੇ ਵਹਿੰਦੀ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ। ਇਸ਼ਨਾਨ ਕਰਦਿਆਂ ਉਹ ਅਚਾਨਕ ਨਦੀ ਦੇ ਪਾਣੀ ਵਿੱਚ ਅਲੋਪ ਹੋ ਗਏ ਅਤੇ ਇਸ ਤਰ੍ਹਾਂ ਉਹ ਤਿੰਨ ਦਿਨ ਰਹੇ।[੬] ਇਸ ਸਮੇਂ ਦੌਰਾਨ ਗੁਰੂ ਜੀ ਨੂੰ ਅਕਾਲ ਪੁਰਖ ਦੇ ਦਰਸ਼ਨਾਂ ਦੀ ਝਲਕ ਮਿਲੀ ਤੇ ਅਕਾਲ ਪੁਰਖ ਉਨ੍ਹਾਂ ਨੂੰ ਸੰਸਾਰ ਵਿੱਚ ਇਲਾਹੀ ਨਾਮ ਦਾ ਪ੍ਰਚਾਰ ਕਰਨ ਦਾ ਕਾਰਜ ਸੌਂਪਿਆ ਗਿਆ। ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਨਾਮ ਅੰਮ੍ਰਿਤ ਨਾਲ ਨਕਾ ਨਕ ਭਰਿਆ ਕਟੋਰਾ ਦਿਤਾ ਜੋ ਗੁਰੂ ਨਾਨਕ ਜੀ ਨੇ ਪੀਤਾ ਅਤੇ ਫਿਰ ਅਕਾਲ ਪੁਰਖ ਦਾ ਹੁਕਮ ਹੋਇਆ:-

''ਓ ਨਾਨਕ, ਤੁਸੀਂ ਆਪਣੇ ਆਪ ਨੂੰ ਨਾਮ ਵਿੱਚ ਅਭੇਦ ਕਰ ਲਿਆ ਹੈ, ਤੁਸਾਡਾ ਸਵਾਗਤ ਹੈ,

ਜਾਉ, ਜਿਸ ਕਾਰਜ ਲਈ ਤੁਸਾਂ ਜਨਮ ਧਾਰਿਆ ਹੈ ਉਹ ਜਾਕੇ ਕਰੋ,

ਕਲਿਜੁਗ ਦੇ ਲੋਕਾਂ ਨੇ ਭਿਆਨਕ ਵਿਹਾਰ ਅਪਣਾ ਲਏ ਹਨ ਅਤੇ ਆਪਣੇ ਮਨਾਂ ਨੂੰ ਅਤੀ ਹੀਣੇ ਬਣਾ ਲਿਆ ਹੈ,

ਉਹ ਭਾਂਤ ਭਾਂਤ ਦੇ ਦੇਵਤਿਆਂ ਦੀ ਪੂਜਾ ਕਰਦੇ, ਨਾਮ ਨੂੰ ਵਿਸਾਰ ਬੈਠੇ ਹਨ ਅਤੇ ਪਾਪਾਂ ਵਿੱਚ ਡੁੱਬੇ ਹੋਏ ਹਨ। ਜਾਉ, ਨਾਮ ਵਾਸਤੇ ਪ੍ਰੇਮ ਅਤੇ ਸ਼ਰਧਾ ਦਾ ਪਰਸਾਰ ਕਰੋ ਅਤੇ ਧਰਤੀ ਦਾ ਭਾਰ ਹੌਲਾ ਕਰੋ। ਜਾਉ, ਈਸ਼ਵਰੀ ਨਾਮ ਦੀ ਸ਼ੋਭਾ ਵਧਾਉ ਅਤੇ ਪਾਖੰਡ ਦਾ ਨਾਸ ਕਰੋ।''

ਤਦ ਗੁਰੂ ਨਾਨਕ ਜੀ ਨੇ ਹੇਠ ਲਿਖੇ ਸ਼ਬਦ ਦਾ ਗਾਇਨ ਕੀਤਾ:-

''ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ।<br>
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ।<br>
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡ ਆਖਾ ਨਾਉ।੧।<br>
ਸਾਚਾ ਨਿਰੰਕਾਰੁ ਨਿਜ ਥਾਇ।<br>
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ।੧।ਰਹਾਉ।<br>
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ।<br>
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ।<br>
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ।੨।<br>
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ।<br>
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ।<br>
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ।੩।<br>
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ।<br>
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ।<br>
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ।।੪।।

(ਸ੍ਰੀ ਰਾਗ ਮ:੧, ਪੰਨਾ੧੪ )

ਹੁਣ ਆਵਾਜ਼ ਆਈ, ''ਓ ਨਾਨਕ, ਜਿਸ ਉਤੇ ਮੇਰੀ ਦਇਆ ਦੀ ਨਜ਼ਰ ਪਵੇ ਤੂੰ ਉਸ ਤੇ ਕਿਰਪਾਲੂ ਹੋਣਾ, ਮੈਂ ਵੀ ਕਿਰਪਾਲੂ ਹੋਵਾਂਗਾ। ਮੈਂ ਆਦਿ ਪਰਮੇਸ਼ਰ ਅਤੇ ਤੂੰ ਗੁਰ ਪਰਮੇਸ਼ਰ।''

ਇਹ ਦੈਵੀ ਸੰਦੇਸ਼ ਪੁਰਾਤਨ ਜਨਮ ਸਾਖੀ ਵਿੱਚ ਅੰਕਿਤ ਹੈ। ਗੁਰੂ ਨਾਨਕ ਜੀ ਆਪ ਵੀ ਦੱਸਦੇ ਹਨ ਕਿ ਅਕਾਲ ਪੁਰਖ ਨੇ ਗੁਰੂ ਜੀ ਨੂੰ ਕਿਹਾ ਕਿ ਸੰਸਾਰ ਵਿੱਚ ਫਿਰੋ ਅਤੇ ਈਸ਼ਵਰ ਸ਼ੋਭਾ ਦਾ ਗਾਇਨ ਕਰੋ। ਗੁਰੂ ਜੀ ਦੱਸਦੇ ਹਨ ਕਿ ਜਦ ਉਹਨਾਂ ਨੇ ਸੰਸਾਰ ਵਿੱਚ ਆਪਣਾ ਕਰਤਵ ਪੂਰਾ ਕਰ ਲਿਆ ਤਾਂ ਅਕਾਲ ਪੁਰਖ ਨੇ ਉਨ੍ਹਾਂ ਨੂੰ ਮੁੜ ਬੁਲਾਇਆ:-

''ਹਉ ਢਾਢੀ ਵੇਕਾਰੁ ਕਾਰੈ ਲਾਇਆ।<br>
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।<br>
ਢਾਢੀ ਸਚੈ ਮਹਲਿ ਖਸਮਿ ਬੁਲਾਇਆ।<br>
ਸਚੀ ਸਿਫਤਿ ਸਾਲਾਹ ਕਪੜਾ ਪਾਇਆ।

ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ।
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ।
ਢਾਢੀ ਕਰੇ ਪਸਾਉ ਸਬਦੁ ਵਜਾਇਆ।
ਨਾਨਕ ਸਚੁ ਸਾਲਾਹਿ ਪੂਰਾ ਪਾਇਆ।"

(ਮਾਝ ਦੀ ਵਾਰ, ਪਉੜੀ ੨੭, ਪੰਨਾ ੧੫੦)

ਕਹਿੰਦੇ ਹਨ ਕਿ ਤਿੰਨ ਦਿਨਾਂ ਪਿਛੋਂ ਜਦ ਗੁਰੂ ਜੀ ਮੁੜ ਪਰਗਟ ਹੋਏ,ਕੁਝ ਲੋਕਾਂ ਨੇ ਉਨ੍ਹਾਂ ਦੇ ਸੀਸ ਦੁਆਲੇ ਪ੍ਰਕਾਸ਼ ਦਾ ਚੱਕਰ ਦੇਖਿਆ। ਕੋਈ ਕਹਿੰਦੇ ਹਨ ਕਿ ਨਾਨਕ ਜੀ ਦੀ ਗੁਰੂਤਾ ਉਨ੍ਹਾਂ ਦੇ ਵੇਈਂ ਨਦੀ ਵਿੱਚੋਂ ਨਿਕਲ ਕੇ ਸਮਾਉਣ ਤੋਂ ਸ਼ੁਰੂ ਹੋਈ। ਇਸ ਸੰਬੰਧ ਵਿੱਚ ਇਹ ਸੰਕੇਤ ਕਰਨਾ ਚਾਹੀਦਾ ਹੈ ਕਿ ਸਿੱਖ ਧਰਮ ਵਿੱਚ ਤਿੰਨ ਸ਼ਬਦ ਹਨ - ਅਕਾਲ ਪੁਰਖ, ਗੁਰੂ ਅਤੇ ਗੁਰਬਾਣੀ। ਸਿੱਖ ਧਰਮ ਅਨੁਸਾਰ ਇੱਕ ਅਤੇ ਕੇਵਲ ਇੱਕ ਹੀ ਅਕਾਲ ਪੁਰਖ ਹੈ। ਉਹ ਆਪਣੇ ਪ੍ਰਤੀਨਿਧ ਸੰਸਾਰ ਵਿੱਚ ਭੇਜਦਾ ਹੈ ਜਿਸਨੂੰ ਗੁਰੂ ਕਿਹਾ ਹੈ ਅਤੇ ਜੋ ਇਲਾਹੀ ਪ੍ਰਕਾਸ਼ ਦਾ ਸਰੀਰਕ ਰੂਪ ਹੈ। ਅਕਾਲ ਪੁਰਖ ਤਦ ਆਪਣੇ ਗੁਰੂ ਰਾਹੀਂ ਆਪਣਾ ਸੰਦੇਸ਼, ਗੁਰਬਾਣੀ, ਭੇਜਦਾ ਹੈ।

ਗੁਰੂ ਬਿਨਾਂ ਗੁਰਬਾਣੀ ਨਹੀਂ ਹੋ ਸਕਦੀ। ਗੁਰੂ ਇੱਕ ਵਸੀਲਾ ਹੈ ਜਿਸ ਰਾਹੀਂ ਗੁਰਬਾਣੀ ਪ੍ਰਦਾਨ ਕੀਤੀ ਜਾਂਦੀ ਹੈ। ਸੋ, ਜਦ ਸੱਤ ਵਰ੍ਹੇ ਦੀ ਉਮਰ ਸਮੇਂ ਗੁਰੂ ਨਾਨਕ ਜੀ ਨੇ ਪਹਿਲਾ ਰੱਬੀ ਸੰਦੇਸ਼ ਪਾਂਧੇ ਨੂੰ (ਰਾਗ ਆਸਾ ਮਹਲਾ ੧, ਪੱਟੀ ਲਿਖੀ, ਪੰਨਾ ੪੩੨) ਦਿੱਤਾ ਤਦ ਉਹਨਾਂ ਦਾ ਗੁਰੂ ਹੋਣਾ ਜ਼ਰੂਰੀ ਸੀ ਅਤੇ ਉਹ ਗੁਰੂ ਸਨ। ਵੇਈਂ ਨਦੀ ਵਿੱਚ ਅਲੋਪ ਹੋ ਜਾਣ ਤੋਂ ਪਹਿਲਾਂ, ਗੁਰੂ ਜੀ ਨੇ ਬਹੁਤ ਸਾਰੀ ਬਾਣੀ ਉਚਾਰਣ ਕੀਤੀ ਹੋਈ ਸੀ। ਇਸ ਤਰ੍ਹਾਂ ਗੁਰੂ ਜੀ ਨੇ ਗੁਰੂ ਦੇ ਤੌਰ ਤੇ ਹੀ ਜਨਮ ਲਿਆ ਅਤੇ ਉਨ੍ਹਾਂ ਦੀ ਗੁਰੂਤਾ ਉਨ੍ਹਾਂ ਦੇ ਜਨਮ ਤੋਂ ਹੀ ਸ਼ੁਰੂ ਹੋਈ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਪਹਿਲਾਂ ਅਕਾਲ ਪੁਰਖ ਦੇ ਦਰ ਤੋਂ ਹੀ ਬਖਸ਼ਿਸ਼ ਮਿਲੀ ਅਤੇ ਫਿਰ ਅਕਾਲ ਪੁਰਖ ਨੇ ਗੁਰੂ ਜੀ ਨੂੰ ਇਸ ਸੰਸਾਰ ਵਿੱਚ ਭੇਜਿਆ, ਨਾਮ ਦਾ ਪਰਚਾਰ ਕਰਨ ਲਈ।

"ਪਹਿਲਾਂ ਬਾਬੇ ਪਾਇਆ ਬਖਸ਼ ਦਰ,
ਪਿਛੋਂ ਦੇ ਫਿਰ ਘਾਲ ਕਮਾਈ।"

(ਭਾਈ ਗੁਰਦਾਸ, ਵਾਰ ਪਹਿਲੀ, ਪਉੜੀ ੨੪)

ਗੁਰੂ ਨਾਨਕ ਜੀ ਦਾ ਗੁਰੂ ਕੌਣ ਸੀ? ਜਦ ਉਨ੍ਹਾਂ ਨੂੰ ਪੁਛਿਆ ਗਿਆ ਕਿ ਉਨ੍ਹਾਂ ਦਾ ਗੁਰੂ ਕੌਣ ਹੈ ਤਾਂ ਗੁਰੂ ਜੀ ਨੇ ਉਤ੍ਰ ਦਿਤਾ ਕਿ ਅਕਾਲ ਪੁਰਖ ਆਪ ਉਨ੍ਹਾਂ ਦਾ ਗੁਰੂ ਸੀ:-

"ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ।"

(ਸੋਰਠ ਮਹਲਾ ੧, ਪੰਨਾ ੫੯੯)

ਨਦੀ ਵਿੱਚੋਂ ਮੁੜ ਪਰਗਟ ਹੋ ਜਾਣ ਪਿਛੋਂ ਗੁਰੂ ਨਾਨਕ ਜੀ ਨੇ ਇੱਕ ਦਿਨ ਚੁੱਪ ਧਾਰ ਰੱਖੀ ਅਤੇ ਫਿਰ ਉਨ੍ਹਾਂ ਨੇ ਐਲਾਨ ਕੀਤਾ, "ਨਾ ਕੋਈ ਹਿੰਦੂ, ਨਾ ਮੁਸਲਮਾਨ।" ਇਸ ਦਾ ਭਾਵ ਸੀ ਕਿ ਮਨੁੱਖ ਮਨੁੱਖ ਵਿੱਚ ਕੋਈ ਫਰਕ ਨਹੀਂ। (ਪਰ ਕੋਈ ਇਸ ਦਾ ਭਾਵ ਇਹ ਦੱਸਦੇ ਹਨ ਕਿ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਆਪਣੇ ਧਰਮਾਂ ਦੇ ਉਪਦੇਸ਼ ਭੁਲਾ ਦਿੱਤੇ ਹੋਏ ਹਨ।) ਇਸ ਐਲਾਨ ਨੇ ਨਵਾਬ ਦੌਲਤ ਖਾਨ ਅਤੇ ਉਸਦੇ ਕਾਜ਼ੀ ਨੂੰ ਗੁੱਸੇ ਨਾਲ ਪਾਗਲ ਕਰ ਦਿਤਾ। ਨਵਾਬ ਨੇ ਗੁਰੂ ਜੀ ਨੂੰ ਪੁਛਿਆ ਕਿ ਕੀਹ ਉਸਦਾ ਕਾਜ਼ੀ ਸੱਚਾ ਮੁਸਲਮਾਨ ਨਹੀਂ? ਗੁਰੂ ਜੀ ਨੇ ਇੱਕ ਸੱਚੇ ਮੁਸਲਮਾਨ ਦੇ ਲੱਛਣ ਇਸ ਤਰ੍ਹਾਂ ਦੱਸੇ:-

"ਮੁਸਲਮਾਣੁ ਕਹਾਵਣੁ ਮੁਸਕਲੁ
ਜਾ ਹੋਇ ਤਾ ਮੁਸਲਮਾਣੁ ਕਹਾਵੈ।
ਅਵਲਿ ਅਉਲਿ ਦੀਨੁ ਕਰਿ ਮਿਠਾ
ਮਸਕਲ ਮਾਨਾ ਮਾਲੁ ਮੁਸਾਵੈ।
ਹੋਇ ਮੁਸਲਿਮੁ ਦੀਨ ਮੁਹਾਣੈ
ਮਰਣ ਜੀਵਣ ਕਾ ਭਰਮੁ ਚੁਕਾਵੈ।
ਰਬ ਕੀ ਰਜਾਇ ਮੰਨੇ ਸਿਰ ਉਪਰਿ
ਕਰਤਾ ਮੰਨੇ ਆਪੁ ਗਵਾਵੈ।
ਤਉ ਨਾਨਕ ਸਰਬ ਜੀਆ ਮਿਹਰੰਮਤਿ
ਹੋਇ ਤ ਮੁਸਲਮਾਣੁ ਕਹਾਵੈ।"

(ਮਾਝ ਕੀ ਵਾਰ ਮਹਲਾ ੧, ਪੰਨਾ ੧੪੧)

ਤਦ ਨਵਾਬ ਨੇ ਗੁਰੂ ਜੀ ਨੂੰ ਪੁੱਛਿਆ, "ਜੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਕੋਈ ਫਰਕ ਨਹੀਂ ਤਾਂ ਤੁਸੀ ਸਾਡੇ ਨਾਲ ਰਲਕੇ ਨਮਾਜ਼ ਕਿਉਂ ਨਹੀਂ ਪੜ੍ਹਦੇ?" ਉਹਨਾਂ ਨਾਲ ਮਸੀਤ ਵਿੱਚ ਨਮਾਜ਼ ਪੜ੍ਹਣ ਲਈ ਮੰਨ ਗਏ ਜਿਥੇ

ਕਾਜ਼ੀ ਨੇ ਨਮਾਜ਼ ਆਰੰਭ ਕਰਨੀ ਸੀ। ਨਮਾਜ਼ ਪੜ੍ਹਦਿਆਂ ਕਾਜ਼ੀ ਅਤੇ ਨਵਾਬ ਦੋਵੇਂ ਖੜੇ ਹੋਏ, ਗੋਡਿਆਂ ਪਰਨੇ ਬੈਠੇ ਅਤੇ ਸਿਰ ਨਿਵਾਇਆ, ਜਿਵੇਂ ਤਰੀਕਾ ਸੀ, ਪਰ ਗੁਰੂ ਜੀ ਖੜੋਤੇ ਰਹੇ। ਨਮਾਜ਼ ਵਿੱਚ ਹਿੱਸਾ ਕਿਉਂ ਨਹੀਂ ਲਿਆ?" ਗੁਰੂ ਜੀ ਨੇ ਉਤਰ ਦਿੱਤਾ, "ਮੈਂ ਨਮਾਜ਼ ਵਿੱਚ ਹਿੱਸਾ ਲਿਆ ਸੀ, ਪਰ ਤੁਸੀਂ ਦੋਹਾਂ ਨੇ ਨਹੀਂ ਲਿਆ।" ਫਿਰ ਗੁਰੂ ਜੀ ਨੇ ਸਮਝਾਇਆ, "ਜਦ ਕਾਜ਼ੀ ਨਮਾਜ਼ ਪੜ੍ਹ ਰਿਹਾ ਸੀ ਉਸਨੂੰ ਯਾਦ ਆਇਆ ਕਿ ਉਸਦੇ ਘਰ ਦੇ ਵੇਹੜੇ ਵਿੱਚ ਖੂਹ ਹੈ ਅਤੇ ਉਸਦਾ ਮਨ ਫਿਕਰ ਕਰ ਰਿਹਾ ਸੀ ਕਿ ਉਸਦੇ ਘਰ ਨਵੀਂ ਜੰਮੀ ਵਛੇਰੀ ਖੂਹ ਵਿੱਚ ਨ ਡਿਗ ਪਵੇ। ਕਾਜ਼ੀ ਦਾ ਮਨ ਇਸ ਤਰ੍ਹਾਂ ਨਮਾਜ਼ ਵਿੱਚ ਨਹੀਂ ਸੀ। ਨਵਾਬ ਵੀ ਜਦ ਨਮਾਜ਼ ਪੜ੍ਹਣ ਦਾ ਦਿਖਾਵਾ ਕਰ ਰਿਹਾ ਸੀ, ਉਸਦਾ ਮਨ ਕਾਬਲ ਵਿੱਚ ਘੋੜੇ ਖ੍ਰੀਦਣ ਵਲ ਲੱਗਾ ਹੋਇਆ ਸੀ।"

ਦੋਹਾਂ ਨੇ ਗੁਰੂ ਜੀ ਦੇ ਦੱਸੇ ਨੂੰ ਸੱਚਾ ਮੰਨ ਲਿਆ ਅਤੇ ਨਵਾਬ ਕਾਜ਼ੀ ਨੂੰ ਉੱਚੀ ਦੇਣੀ ਕਹਿਣ ਲੱਗਾ, "ਤੂੰ ਵੇਖਦਾ ਨਹੀਂ ਕਿ ਅੱਲਾਹ ਨਾਨਕ ਰਾਹੀਂ ਸਾਨੂੰ ਕਹਿ ਰਿਹਾ ਹੈ?" ਮੁਸਲਮਾਨ ਦਿਨ ਵਿੱਚ ਪੰਜ ਵਕਤ ਨਮਾਜ਼ ਪੜ੍ਹਦੇ ਹਨ। ਗੁਰੂ ਜੀ ਨੇ ਦੱਸਿਆ ਕਿ ਨਮਾਜ਼ ਦਾ ਮਤਲਬ ਅਤੇ ਇਸਦੀ ਉਤਮਤਾ ਕੀਹ ਹੈ:-

"ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਨ ਸਦਾਇ।
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ।"

(ਮਾਝ ਕੀ ਵਾਰ ਮਹਲਾ ੧, ਪੰਨਾ ੧੪੧)

ਗੁਰੂ ਨਾਨਕ ਜੀ ਨੇ ਕਦੀ ਵੀ ਇੱਕ ਮੁਸਲਮਾਣ ਜਾਂ ਇੱਕ ਹਿੰਦੂ ਨੂੰ ਨਹੀਂ ਕਿਹਾ ਕਿ ਉਹ ਮਰਣ ਪਿਛੋਂ ਸਵਰਗ ਵਿੱਚ ਥਾਂ ਲੈਣ ਲਈ ਗੁਰੂ ਜੀ ਦੇ ਚੇਲੇ ਬਣ ਜਾਣ। ਉਹ ਮੁਸਲਮਾਨ ਨੂੰ ਸੱਚਾ ਮੁਸਲਮਾਣ ਅਤੇ ਹਿੰਦੂ ਨੂੰ ਸੱਚਾ ਹਿੰਦੂ ਬਣਨ ਲਈ ਕਹਿੰਦੇ ਸਨ ਤਾਂ ਜੁ ਉਹ ਮੁਕਤੀ ਪ੍ਰਾਪਤ ਕਰ ਸਕਣ।

## ਗੁਰੂ ਨਾਨਕ ਜੀ ਦੀਆਂ ਉਦਾਸੀਆਂ (ਸਫਰ) :

ਗੁਰੂ ਨਾਨਕ ਜੀ ਨੇ ਵੇਖਿਆ ਕਿ ਜਗਤ ਘਿਰਣਾ, ਕੱਟੜਪੁਣਾ, ਝੂਠ ਅਤੇ ਪਖੰਡਾਂ ਕਾਰਨ ਦੁਖ ਪਾ ਰਿਹਾ ਹੈ। ਜਗਤ ਦੁਸ਼ਟਟਾ ਅਤੇ ਪਾਪਾਂ ਵਿੱਚ ਡੁੱਬਾ ਹੋਇਆ ਹੈ। ਸੋ ਇਸ ਧਰਤੀ 'ਤੇ ਮਨੁਖ ਜਾਤੀ ਨੂੰ ਸੁਰਜੀਤ ਕਰਨ ਚਲ ਪਏ। ਗੁਰੂ ਜੀ ਮਨੁਖਾਂ ਵਾਸਤੇ ਸੱਚ, ਅਰਸ਼ੀ ਪ੍ਰੇਮ, ਸ਼ਾਂਤੀ ਅਤੇ ਪ੍ਰਸੰਨਤਾ ਦੀ ਮਿਸ਼ਾਲ ਲੈ ਤੁਰੇ। ਉਨ੍ਹਾਂ ਨੇ ਆਪਣਾ ਰੱਬੀ ਮਿਸ਼ਨ ਅਰੰਭ ਕੀਤਾ ਅਤੇ ਪੂਰਬ, ਪੱਛਮ, ਉਤਰ ਅਤੇ ਦੱਖਣ ਵੱਲ ਹਿੰਦੂਆਂ, ਮੁਸਲਮਾਨਾਂ, ਬੋਧੀਆਂ, ਜੈਨੀਆਂ, ਸੂਫੀਆਂ, ਯੋਗੀਆਂ ਅਤੇ ਸਿੱਧਾਂ ਦੇ ਵੱਖ ਵੱਖ ਕੇਂਦਰਾਂ ਤੇ ਗਏ। ਉਹ ਵੱਖ ਵੱਖ ਧਰਮਾਂ, ਕਬੀਲਿਆਂ, ਸਭਿਆਤਾਵਾਂ ਅਤੇ ਨਸਲਾਂ ਦੇ ਲੋਕਾਂ ਨੂੰ ਮਿਲੇ। ਇਹਨਾਂ ਸਫਰਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ।[੭]

ਗੁਰੂ ਨਾਨਕ ਜੀ ਨੇ ਆਪਣੀ ਪਹਿਲੀ ਉਦਾਸੀ ਭਾਰਤ ਦੇ ਪੂਰਬ ਅਤੇ ਦੱਖਣ ਵੱਲ ਕੀਤੀ ਅਤੇ ਅੱਠ ਵਰ੍ਹਿਆਂ ਤੋਂ ਥੋੜ੍ਹਾ ਕੁ ਵਧੇਰੇ ਸਮਾਂ ਲਾਕੇ ਘਰ ਪਰਤ ਆਏ।[੮] ਸੁਲਤਾਨਪੁਰ ਤੋਂ ਗੁਰੂ ਜੀ ਅਗਸਤ ੧੫੦੭ ਵਿੱਚ ਚੱਲ ਕੇ ਆਪਣੇ ਪਿੰਡ ਤਲਵੰਡੀ ਆਏ, ਆਪਣੇ ਮਾਤਾ, ਪਿਤਾ ਜੀ ਨੂੰ ਮਿਲਣ ਅਤੇ ਆਪਣੇ ਲੰਮੇ ਸਫਰ ਬਾਰੇ ਦੱਸਣ ਵਾਸਤੇ। ਬਿਰਧ ਮਾਤਾ-ਪਿਤਾ ਆਪਣੀ ਵੱਡੀ ਉਮਰ ਵਿੱਚ ਆਪਣੇ ਨੌਜਵਾਨ ਪੁੱਤਰ ਤੋਂ ਸੁਖ ਅਤੇ ਰਖਵਾਲੀ ਚਾਹੁੰਦੇ ਸਨ ਅਤੇ ਇਸ ਕਰਕੇ ਉਨ੍ਹਾਂ ਨਾਨਕ ਜੀ ਨੂੰ ਨਾ ਜਾਣ ਲਈ ਆਖਿਆ। ਪਰ ਹਜ਼ਾਰਾਂ ਹੀ ਹੋਰ ਲੋਕ ਸਨ ਜੋ ਇਸ ਦੈਵੀ ਗੁਰੂ ਵਲੋਂ ਸੁਖ, ਪ੍ਰੇਮ ਅਤੇ ਨਿਸਤਾਰਾ ਪਾਉਣ ਵਾਸਤੇ ਉਡੀਕ ਰਹੇ ਸਨ। ਸੋ, ਗੁਰੂ ਜੀ ਨੇ ਮਾਤਾ-ਪਿਤਾ ਜੀ ਨੂੰ ਕਿਹਾ ਕਿ "ਅਕਾਲ ਪੁਰਖ ਵਲੋਂ ਆਦੇਸ਼ ਮਿਲਿਆ ਹੈ ਕਿ ਜਿਧਰ ਜਾਣ ਲਈ ਉਹ ਹੁਕਮ ਦੇਵੇ ਮੈਂ ਉਧਰ ਜ਼ਰੂਰ ਜਾਣਾ ਹੈ।"

## ਪਹਿਲਾ ਟਿਕਾਉ ਏਮਨਾਂਬਾਦ :

ਗੁਰੂ ਜੀ ਮਾਤਾ-ਪਿਤਾ ਤੋਂ ਵਿਦਾ ਹੋਕੇ ਆਪਣੇ ਸਾਥੀ ਭਾਈ ਮਰਦਾਨਾ, ਰਬਾਬੀ, ਨੂੰ ਲੈ ਆਪਣੇ ਮਿਸ਼ਨ ਤੇ ਚਲ ਪਏ। ਉਨ੍ਹਾਂ ਨੇ ਪਹਿਲਾ ਅਟਕਾਉ ਸੈਦਪੁਰ, ਜਿਸਨੂੰ ਹੁਣ ਏਮਨਾਬਾਦ ਕਰਕੇ ਜਾਣਦੇ ਹਨ, ਕੀਤਾ। ਏਥੇ ਉਹ ਇੱਕ ਗਰੀਬ ਤਰਖਾਣ, ਲਾਲੋ ਨਾਮ ਵਾਲੇ, ਨੂੰ ਮਿਲੇ। ਗੁਰੂ ਜੀ ਨੇ ਗਰੀਬ ਲਾਲੋ ਉਤੇ ਮਿਹਰ ਦੀ ਨਜ਼ਰ ਕੀਤੀ ਅਤੇ ਉਸਨੂੰ ਰੱਬੀ ਪ੍ਰੇਮ ਦੀ ਬਖਸ਼ਿਸ਼ ਕੀਤੀ ਅਤੇ ਉਹ ਨਿਹਾਲ ਹੋ ਕੇ ਪਵਿਤ੍ਰ ਮਨੁਖ ਬਣ ਗਿਆ। ਗੁਰੂ

ਜੀ ਨੇ ਕੁਝ ਸਮਾਂ ਉਸ ਕੋਲ ਪ੍ਰਾਹੁਣੇ ਵਾਂਗ ਰਹਿਣ ਦਾ ਠਾਣਿਆ। ਸ਼ਹਿਰ ਦੇ ਮੁਖੀ ਮਲਕ ਭਾਗੋ ਨੂੰ ਖਬਰ ਮਿਲੀ ਕਿ ਇੱਕ ਮਹਾਤਮਾ ਪੁਰਸ਼ ਲਾਲੋ ਕੋਲ ਠਹਿਰੇ ਹੋਏ ਹਨ। ਮਲਕ ਭਾਗੋ ਭ੍ਰਿਸ਼ਟਾਚਾਰੀ ਸੀ ਅਤੇ ਉਸ ਨੇ ਅਨਿਆਈ ਢੰਗਾਂ ਨਾਲ ਬਹੁਤ ਧਨ ਇੱਕੱਠਾ ਕੀਤਾ ਹੋਇਆ ਸੀ। ਉਸਨੇ ਇੱਕ ਵੱਡਾ ਸਮਾਗਮ ਕੀਤਾ ਅਤੇ ਗੁਰੂ ਜੀ ਸਣੇ ਸਾਰੇ ਧਰਮਾਤਮਾਂ ਪੁਰਸ਼ਾਂ ਨੂੰ ਨਿਉਤਾ ਦਿਤਾ। ਗੁਰੂ ਜੀ ਨੇ ਇਸ ਨੂੰ ਪ੍ਰਵਾਨ ਨ ਕੀਤਾ। ਤਦ ਮਲਕ ਨੇ ਗੁਰੂ ਜੀ ਵਾਸਤੇ ਇੱਕ ਵਿਸ਼ੇਸ਼ ਪ੍ਰਬੰਧ ਕੀਤਾ ਅਤੇ ਬੇਨਤੀ ਕਰ ਭੇਜੀ ਕਿ ਗੁਰੂ ਜੀ ਆਕੇ ਉਸਦੇ ਗ੍ਰਹਿ ਵਿਖੇ ਭੋਜਨ ਪਾਉਣ। ਅਖੀਰ, ਗੁਰੂ ਜੀ ਗਏ।

ਮਲਕ ਭਾਗੋ ਨੇ ਕਿਹਾ, "ਮਹਾਤਮਾ ਜੀ, ਮੈਂ ਆਪਦੇ ਵਾਸਤੇ ਕਈ ਤਰ੍ਹਾਂ ਦਾ ਭੋਜਨ ਤਿਆਰ ਕੀਤਾ ਹੈ ਪਰ ਆਪ ਇੱਕ ਗਰੀਬ ਤਰਖਾਣ ਕੋਲ ਠਹਿਰੇ ਹੋ ਅਤੇ ਉਸਦੀ ਸੁੱਕੀ ਰੋਟੀ ਖਾ ਰਹੇ ਹੋ। ਕਿਰਪਾ ਕਰੋ, ਮੇਰੇ ਕੋਲ ਆ ਠਹਿਰੋ।" ਗੁਰੂ ਜੀ ਨੇ ਉਤ੍ਰ ਦਿਤਾ, "ਮੈਂ ਆਪ ਦਾ ਭੋਜਨ ਨਹੀਂ ਖਾ ਸਕਦਾ ਕਿਉਂਕਿ ਇਹ ਅਨੁਚਿਤ ਢੰਗਾਂ ਨਾਲ ਪ੍ਰਾਪਤ ਕੀਤਾ ਹੋਇਆ ਹੈ ਅਤੇ ਗਰੀਬ ਲੋਕਾਂ ਦਾ ਮਾੜੇ ਸਾਧਨਾਂ ਰਾਹੀਂ ਲਹੂ ਚੂਸ ਕੇ ਕਮਾਏ ਧਨ ਨਾਲ ਬਣਾਇਆ ਹੈ।" ਇਸ ਤੋਂ ਮਲਕ ਭਾਗੋ ਨੂੰ ਬੜਾ ਗੁੱਸਾ ਲੱਗਾ ਅਤੇ ਗੁਰੂ ਜੀ ਨੂੰ ਆਪਣੇ ਕਹੇ ਦਾ ਸਬੂਤ ਪੁਛਿਆ। ਗੁਰੂ ਜੀ ਨੇ ਲਾਲੋ ਦੇ ਘਰੋਂ ਇੱਕ ਰੋਟੀ ਮੰਗਵਾਈ। ਇੱਕ ਹੱਥ ਵਿੱਚ ਗੁਰੂ ਜੀ ਨੇ ਲਾਲੋ ਦੀ ਰੋਟੀ ਫੜੀ ਅਤੇ ਦੂਜੇ ਵਿੱਚ ਮਲਕ ਭਾਗੋ ਦੀ ਅਤੇ ਜਦ ਦੋਹਾਂ ਨੂੰ ਦਬਾਕੇ ਨਚੋੜਿਆ ਤਾਂ ਲਾਲੋ ਦੀ ਰੋਟੀ ਵਿੱਚੋਂ ਦੁਧ ਨਿਕਲਿਆ ਅਤੇ ਮਲਕ ਭਾਗੋ ਦੀ ਰੋਟੀ ਵਿੱਚ ਲਹੂ ਦੇ ਤੁਪਕੇ। ਮਲਕ ਭਾਗੋ ਆਪਣੇ ਦੋਸ਼ ਤੋਂ ਪੂਰੀ ਤਰ੍ਹਾਂ ਹਲੂਣਿਆ ਗਿਆ ਅਤੇ ਗੁਰੂ ਜੀ ਤੋਂ ਖਿਮਾਂ ਮੰਗੀ। ਗੁਰੂ ਜੀ ਨੇ ਉਸਨੂੰ ਕਿਹਾ ਕਿ ਆਪਣਾ ਸਾਰਾ ਹਰਾਮ ਦਾ ਕਮਾਇਆ ਧਨ ਗਰੀਬਾਂ ਵਿੱਚ ਵੰਡ ਦੇਵੇ ਅਤੇ ਅੱਗੇ ਤੋਂ ਨੇਕ ਜੀਵਨ ਜੀਵੇ। ਮਲਕ ਭਾਗੋ ਦਾ ਗੁਰੂ ਜੀ ਦੀ ਬਖਸ਼ਿਸ਼ ਨਾਲ ਪੁਨਰ-ਜਨਮ ਹੋ ਗਿਆ।

## ਸੱਜਨ ਠੱਗ :

ਪੁਰਾਤਨ ਜਨਮਸਾਖੀ ਅਨੁਸਾਰ ਗੁਰੂ ਜੀ ਪੂਰਬ ਵੱਲ ਮੁੜਨ ਦੀ ਥਾਂ ਤੁਲੰਬੇ (ਹੁਣ ਮਕੱਦਮਪੁਰ ਨਾਮ ਨਾਲ ਪਛਮੀ ਪਾਕਿਸਤਾਨ ਵਿੱਚ) ਗਏ ਅਤੇ ਸੱਜਨ ਠੱਗ [੬] ਨੂੰ ਮਿਲੇ। ਸੱਜਨ ਸਦਾ ਚਿੱਟੇ ਕਪੜੇ ਪਹਿਨ ਹੱਥ ਵਿੱਚ ਮਾਲਾ ਫੜੀ ਰੱਖਦਾ ਸੀ ਅਤੇ ਇਸ ਤਰ੍ਹਾਂ ਇੱਕ ਧਰਮਾਤਮਾ ਮਨੁੱਖ ਹੋਣ ਦਾ ਦੰਭ ਕਰਦਾ ਸੀ। ਉਸਨੇ ਆਪਣੇ ਰਿਹਾਇਸ਼ੀ ਅਸਥਾਨ ਦੇ ਵੇਹੜੇ ਵਿੱਚ ਇੱਕ ਮੰਦਰ ਅਤੇ ਇੱਕ ਮਸੀਤ ਬਣਾ ਰੱਖੀ ਸੀ। ਉਹ ਰਾਹ ਜਾਂਦੇ ਲੋਕਾਂ ਨੂੰ ਸੱਦ ਕੇ ਉਥੇ ਰਾਤ ਨਿਵਾਸ ਕਰਨ ਲਈ ਪਰੇਰਦਾ ਸੀ। ਪਰ ਰਾਤ ਸਮੇਂ ਉਹਨਾਂ ਦਾ ਮਾਲਮਤਾ ਅਤੇ ਧਨ ਲੁੱਟ ਲੈਂਦਾ ਅਤੇ ਉਹਨਾਂ ਨੂੰ ਕਦੇ ਮਾਰ ਵੀ ਦਿੰਦਾ ਸੀ। ਗੁਰੂ ਜੀ ਉਸ ਕੋਲ ਗਏ ਅਤੇ ਰਾਤ ਨਿਵਾਸ ਕੀਤਾ। ਰਾਤ ਪੈਣ ਤੇ ਗੁਰੂ ਜੀ ਜਲਦੀ ਨ ਸੁੱਤੇ। ਇਸ ਨਾਲ ਸੱਜਨ ਕੁਝ ਬਹੁਤ ਹੀ ਘਬਰਾ ਗਿਆ ਅਤੇ ਆਪਣਾ ਲੁੱਟਣ ਦਾ ਦੁਸ਼ਟ ਕੰਮ ਨ ਕਰ ਸਕਿਆ। ਸੱਜਨ ਨੇ ਗੁਰੂ ਜੀ ਨੂੰ ਆਰਾਮ ਕਰਨ ਅਤੇ ਸੌਂ ਜਾਣ ਲਈ ਕਿਹਾ ਪਰ ਗੁਰੂ ਜੀ ਨੇ ਉਤ੍ਰ ਦਿੱਤਾ ਕਿ "ਅਕਾਲਪੁਰਖ ਦਾ ਕੀਰਤਨੀਆਂ ਸੌਂਦਾ ਨਹੀਂ ਜਦ ਤਕ ਅਕਾਲਪੁਰਖ ਹੁਕਮ ਨਹੀਂ ਭੇਜਦਾ ਸੌਂ ਜਾਣ ਲਈ।" ਤਦ ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਅਤੇ ਇਸ ਸ਼ਬਦ ਦਾ ਗਾਇਨ ਕੀਤਾ:-

"ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ।
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ।
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ।ਰਹਾਉ।
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ।
ਢੱਠੀਆ ਕੰਮਿ ਨ ਆਵਨੀ ਵਿੱਚਹੁ ਸਖਣੀਆਹਾ।
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ।
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ।
ਸਿੰਮਲ ਰੁਖੁ ਸਰੀਰੁ ਮੈ ਮੈ ਜਨ ਦੇਖਿ ਭੁਲੰਨਿ।
ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ।
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ।
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ।
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ।
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ।"

(ਸੂਹੀ ਮਹਲਾ ੧- ਪੰਨਾ ੭੨੯)

ਜਦ ਸੱਜਨ ਨੇ ਇਲਾਹੀ ਸੁਰੀਲਾ ਸ਼ਬਦ ਸੁਣਿਆ ਤਾਂ ਅਨੁਭਵ ਕੀਤਾ ਕਿ ਇਹ ਸ਼ਬਦ ਅਸਲ ਵਿੱਚ ਮੈਨੂੰ ਸੰਬੋਧਨ ਕੀਤੇ ਹੋਏ ਹਨ। ਇਸ ਤੇ ਉਹ ਗੁਰੂ ਜੀ ਨੂੰ ਨਮਸਕਾਰ ਕਰ ਉਨ੍ਹਾਂ ਦੇ ਚਰਨਾਂ ਤੇ ਢਹਿ ਪਿਆ ਅਤੇ ਬੇਨਤੀ ਕੀਤੀ ਕਿ ਉਸਦੇ ਪਾਪ ਬਖਸ਼ ਦੇਣ। ਗੁਰੂ ਜੀ ਨੇ ਕਿਹਾ, "ਸੱਜਨ, ਅਕਾਲਪੁਰਖ ਦੀ ਦਰਗਾਹ ਵਿੱਚ ਬਖਸ਼ਿਸ਼ ਦੋ ਗੱਲਾਂ ਨਾਲ ਮਿਲਦੀ ਹੈ, ਖੁਲ੍ਹੇ ਮੂੰਹ ਆਪਣੇ ਪਾਪਾਂ ਨੂੰ ਮੰਨਣਾ ਅਤੇ ਗਲਤੀਆਂ ਦਾ ਸੁਧਾਰ ਕਰਨਾ।" ਸੱਜਨ ਅਧੀਨਗੀ ਨਾਲ ਉਠ ਖੜਾ ਹੋਇਆ। ਗੁਰੂ ਜੀ ਨੇ ਉਸਨੂੰ ਕਿਹਾ ਕਿ ਸਾਰਾ ਮਾੜੇ ਢੰਗਾਂ ਨਾਲ ਇੱਕੱਠਾ ਕੀਤਾ ਹੋਇਆ ਧਨ ਗਰੀਬਾਂ ਨੂੰ ਵੰਡ ਦੇਵੇ। ਉਸਨੇ ਗੁਰੂ ਜੀ ਦਾ ਹੁਕਮ ਮੰਨ ਲਿਆ ਅਤੇ ਚਰਨ ਪਾਹੁਲ [੧੦] ਲੈ ਕੇ ਗੁਰੂ ਜੀ ਦਾ ਸਿੱਖ ਬਣ ਗਿਆ। ਕਿਹਾ ਜਾਂਦਾ ਹੈ ਕਿ ਪਹਿਲਾ ਇਤਿਹਾਸਕ ਸਿੱਖ ਗੁਰਦੁਆਰਾ ਏਸ ਅਸਥਾਨ ਤੇ ਬਣਾਇਆ ਗਿਆ।

## ਗੁਰੂ ਜੀ ਹਰਦਵਾਰ ਗਏ :

ਹਰਦਵਾਰ, ਗੰਗਾ ਦਰਿਆ ਦੇ ਕੰਢੇ ਤੇ ਹਿੰਦੂਆਂ ਦਾ ਇੱਕ ਤੀਰਥ ਹੈ। ਵੈਸਾਖੀ ਦਾ ਦਿਨ ਸੀ ਅਤੇ ਯਾਤਰੀ ਸਵਖਤੇ ਸਵੇਰੇ ਉਠਕੇ ਦਰਿਆ ਵਿੱਚ ਇਸ਼ਨਾਨ ਕਰ ਰਹੇ ਸੀ। ਜਿਉਂ ਹੀ ਸੂਰਜ ਚੜ੍ਹਿਆ, ਉਹ ਸੂਰਜ ਵਲ ਪਾਣੀ ਸੁੱਟਣ ਲਗ ਪਏ। ਜਦ ਗੁਰੂ ਨਾਨਕ ਜੀ ਨੇ ਉਹਨਾਂ ਨੂੰ ਪੁਛਿਆ ਕਿ ਤੁਸੀਂ ਕੀਹ ਕਰ ਰਹੇ ਹੋ, ਇੱਕ ਪੁਜਾਰੀ ਨੇ ਉਤ੍ਰ ਦਿਤਾ," ਅਸੀਂ ਆਪਣੇ ਮਰ ਚੁਕੇ ਪਿਤਰਾਂ ਨੂੰ ਸੂਰਜ ਦੇ ਖੇਤਰ ਵਿੱਚ ਉਹਨਾਂ ਦੀ ਪਿਆਸ ਮਿਟਾਉਣ ਲਈ ਪਾਣੀ ਭੇਜ ਰਹੇ ਹਾਂ।"

ਇਸਤੇ ਗੁਰੂ ਜੀ ਨੇ ਪੱਛਮ ਵਲ ਪਾਣੀ ਸੁੱਟਣਾ ਸ਼ੁਰੂ ਕਰ ਦਿਤਾ। ਯਾਤਰੀ ਹੱਸਣ ਲੱਗੇ ਅਤੇ ਗੁਰੂ ਜੀ ਨੂੰ ਪੁਛਿਆ ਕਿ ਉਹ ਕੀਹ ਕਰ ਰਹੇ ਹਨ। ਗੁਰੂ ਜੀ ਨੇ ਉਤ੍ਰ ਦਿਤਾ, "ਮੈਂ ਪੰਜਾਬ ਵਿੱਚ ਆਪਣੇ ਪਿੰਡ ਦੇ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ।" ਪੁਜਾਰੀ ਪੁਛਣ ਲੱਗਾ, "ਤੁਹਾਡਾ ਪਾਣੀ ਐਨੀ ਦੂਰ ਕਿਵੇਂ ਜਾ ਸਕਦਾ ਹੈ?" ਗੁਰੂ ਜੀ ਨੇ ਤੁਰੰਤ ਪੁਛਿਆ, "ਤੁਹਾਡੇ ਪਿਤਰ ਏਥੋਂ ਕਿੰਨੀ ਦੂਰ ਹਨ?" ਇੱਕ ਨੇ ਉਤ੍ਰ ਦਿਤਾ, "ਦੂਜੇ ਜਗਤ ਵਿੱਚ।"

ਗੁਰੂ ਜੀ ਨੇ ਕਿਹਾ, "ਜੇ ਇਹ ਪਾਣੀ ਮੇਰੇ ਖੇਤਾਂ ਵਿੱਚ, ਜੋ ਏਥੋਂ ਚਾਰ ਕੁ ਸੌ ਮੀਲ ਦੂਰ ਹਨ, ਨਹੀਂ ਪਹੁੰਚ ਸਕਦਾ ਤਾਂ ਤੁਹਾਡਾ ਪਾਣੀ ਤੁਹਾਡੇ ਪਿਤਰਾਂ ਨੂੰ, ਜੋ ਏਸ ਜਗਤ ਵਿੱਚ ਹੀ ਨਹੀਂ, ਕਿਵੇਂ ਪੁੱਜ ਸਕਦਾ ਹੈ?" ਸਾਰੇ ਲੋਕ ਇਹ ਸੁਣਕੇ ਗੁੰਮ ਹੋ ਅਨੁਭਵ ਕਰਨ ਲੱਗੇ। ਗੁਰੂ ਜੀ ਨੇ ਭਰਮਾਂ ਅਤੇ ਝੂਠੀਆਂ ਰਸਮਾਂ, ਦੇਵੀ ਦੇਵਤਿਆਂ ਦੀ ਪੂਜਾ, ਸਰੀਰ ਨੂੰ ਕਸ਼ਟ ਦੇਣ ਅਤੇ ਸੰਸਾਰ-ਤਿਆਗ ਵਿਰੁਧ ਉਪਦੇਸ਼ ਦਿਤਾ। ਉਨ੍ਹਾਂ ਨੇ ਇਸ ਗੱਲ ਤੇ ਜੋਰ ਦਿੱਤਾ ਕਿ ਕੇਵਲ ਇੱਕ ਅਕਾਲ ਪੁਰਖ, ਨਿਰੰਕਾਰ, ਦੀ ਵਡਿਆਈ ਕਰਨ ਦੀ ਲੋੜ ਹੈ। ਇਸ ਤਰ੍ਹਾਂ ਗੁਰੂ ਜੀ ਨੇ ਸੱਚ ਅਤੇ ਗਿਆਨ ਦਾ ਰਸਤਾ ਵਿਖਾਇਆ। ਜਿਥੇ ਗੁਰੂ ਜੀ ਠਹਿਰੇ, ਗੰਗਾ ਕੰਢੇ ਉਸ ਅਸਥਾਨ ਤੇ ਇੱਕ ਗੁਰਦਵਾਰਾ, ਨਾਨਕਵਾੜਾ ਦੇ ਨਾਮ ਨਾਲ, ਸਥਿਤ ਹੈ।

## ਗੁਰੂ ਜੀ ਗੋਰਖਮਤੇ ਗਏ :

ਹਰਦਵਾਰ ਤੋਂ ਗੁਰੂ ਜੀ ਗੋਰਖਮਤੇ ਵੱਲ ਚਲ ਪਏ ਜੋ ਪੀਲੀਭੀਤ ਤੋਂ ਵੀਹ ਕੁ ਮੀਲ ਉਤਰ ਵੱਲ ਹੈ ਜੋਸ਼ੀ ਮਠ ਅਤੇ ਅਲਮੋੜਾ ਰਸਤੇ। ਅਲਮੋੜਾ ਉਤੇ ਚਾਂਦ ਪ੍ਰਵਾਰ ਦਾ ਰਾਜ ਸੀ ਅਤੇ ਉਹ ਰਾਜੇ ਆਪਣੀ ਦੇਵੀ ਚੰਡੀ ਨੂੰ ਪ੍ਰਸੰਨ ਕਰਨ ਲਈ ਮਨੁਖਾਂ ਦੀਆਂ ਕੁਰਬਾਨੀਆਂ ਭੇਟ ਕਰਦੇ ਸੀ। ਗੁਰੂ ਜੀ ਨੇ ਉਹਨਾਂ ਨੂੰ ਸੱਚ ਦਾ ਰਾਹ ਦਰਸਾਇਆ ਅਤੇ ਇਸ ਤਰ੍ਹਾਂ ਉਹਨਾਂ ਨੂੰ ਆਪਣੀ ਦੇਵੀ ਦੀ ਪ੍ਰਸੰਨਤਾ ਵਾਸਤੇ ਮਾਸੂਮ ਲੋਕਾਂ ਦਾ ਕਤਲ ਕਰਨੋਂ ਬੰਦ ਕੀਤਾ।

ਉਥੋਂ ਚਲਕੇ ਗੁਰੂ ਜੀ ਗੋਰਖਮਤਾ ਪੁੱਜੇ। ਇਹ ਗੋਰਖਨਾਥ ਫਿਰਕੇ ਦੇ ਜੋਗੀਆਂ ਦਾ ਮਠ ਸੀ। ਇਹਨਾਂ ਜੋਗੀਆਂ ਨੂੰ ਰਿਧੀਆਂ ਸਿਧੀਆਂ ਪ੍ਰਾਪਤ ਸਨ। ਗ੍ਰਿਹਸਥੀ ਲੋਕ ਇਹਨਾਂ ਤੋਂ ਅਸੀਸਾਂ ਲੈਣ ਲਈ ਤਾਂਘਦੇ ਸਨ। ਲੋਕ ਇਹਨਾਂ ਜੋਗੀਆਂ ਦੇ ਸਰਾਪ ਤੋਂ ਹਰ ਹੀਲੇ ਬਚਣਾ ਚਾਹੁੰਦੇ ਸਨ। ਦੂਰ ਨੇੜਿਓਂ ਲੋਕਾਂ ਨੇ ਇਹਨਾਂ ਸਬੰਧੀ ਸੁਣਿਆ ਹੋਇਆ ਸੀ ਅਤੇ ਇਹਨਾਂ ਦੀ ਪ੍ਰਸਿਧੀ ਦੂਰ ਦੂਰ ਫੈਲੀ ਹੋਈ ਸੀ। ਕਿਹਾ ਜਾਂਦਾ ਹੈ ਕਿ ਇਹਨਾਂ ਜੋਗੀਆਂ ਨੇ ਗੁਰੂ ਨਾਨਕ ਬਾਰੇ ਸੁਣਿਆ ਹੋਇਆ ਸੀ। ਜਦ ਗੁਰੂ ਜੀ ਉਥੇ ਪੁੱਜੇ ਤਾਂ ਇਹਨਾਂ ਨੇ ਗੁਰੂ ਜੀ ਦਾ ਬੜੇ ਆਦਰ ਭਾਉ ਨਾਲ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਜੋਗ ਮਤ ਧਾਰਨ ਕਰਨ, ਇਹਨਾਂ ਵਰਗਾ ਪਹਿਰਾਵਾ ਕਰ ਲੈਣ ਅਤੇ ਜੋਗੀ ਬਣਕੇ ਇਹਨਾਂ ਵਿੱਚ ਰਲ ਜਾਣ ਵਾਸਤੇ ਸੱਦਾ ਦਿਤਾ। ਗੁਰੂ ਜੀ ਨੇ ਇਹਨਾਂ ਨੂੰ

ਸਮਝਾਇਆ ਕਿ ਸੰਸਾਰ ਤੋਂ ਵੱਖ ਰਹਿਣਾ, ਜਿਸਤੋਂ ਹੋਰ ਲੋਕਾਂ ਨੂੰ ਕੁਝ ਲਾਭ ਨਹੀਂ ਮਿਲਦਾ, ਨਿਖਿਧ ਹੈ। ਗੁਰੂ ਜੀ ਨੇ ਇਹ ਸ਼ਬਦ ਉਚਾਰਣ ਕੀਤਾ:-

'ਜੋਗੁ ਨਾ ਖਿੰਥਾ ਜੋਗੁ ਨ ਡੰਡੈ ਜੋਗ ਨ ਭਸਮ ਚੜਾਈਐ।
ਜੋਗੁ ਨ ਮੁੰਦੀ ਮੂੰਡ ਮੁਡਾਇਐ ਜੋਗੁ ਨ ਸਿੰਙੀ ਵਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।
ਗਲੀ ਜੋਗੁ ਨ ਹੋਈ। ਏਕ ਦ੍ਰਿਸਟਿ ਕਰ ਸਮਸਰਿ ਜਾਣੈ
ਜੋਗੀ ਕਹੀਐ ਸੋਈ।੧।ਰਹਾਉ।
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ।
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।੨।
ਸਤਿਗੁਰੁ ਭੇਟੈ ਤ ਸਹਿਸਾ ਤੂਟੈ ਧਾਵਤ ਵਰਜ ਰਹਾਈਐ।
ਨਿਝਰ ਝਰੈ ਸਹਿਜਧੁਨਿ ਲਾਗੈ ਘਰ ਹੀ ਪਰਚਾ ਪਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।੩।
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ।
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ।੪।

(ਸੂਹੀ ਮਹਲਾ ੧, ਪੰਨਾ ੭੩੦)

ਇਹ ਸੁਣਕੇ ਜੋਗੀਆਂ ਨੇ ਗੁਰੂ ਨਾਨਕ ਜੀ ਨੂੰ ਨਮਸਕਾਰ ਕੀਤੀ। ਗੁਰੂ ਜੀ ਦੀ ਸਿਖਿਆ ਦਾ ਐਨਾ ਪ੍ਰਭਾਵ ਪਿਆ ਕਿ ਗੋਰਖਮਤੇ ਦਾ ਨਾਮ ਨਾਨਕਮਤਾ ਹੋ ਗਿਆ।

## ਰੀਠਾ ਸਾਹਿਬ :

ਗੋਰਖਮਤਾ ਦੇ ਦੁਆਲੇ ਜੰਗਲ ਸਨ। ਉਥੋਂ ਚਾਲੀ ਕੁ ਮੀਲ ਆਕੇ ਗੁਰੂ ਜੀ ਜੋਗੀਆਂ ਦੀ ਇੱਕ ਹੋਰ ਮੰਡਲੀ ਨੂੰ ਮਿਲੇ। ਉਹ ਇੱਕ ਰੀਠੇ ਦੇ ਬਿਰਛ ਹੇਠ ਬੈਠ ਗਏ ਅਤੇ ਜੋਗੀਆਂ ਨੂੰ ਬਚਨ ਕੀਤਾ ਕਿ ਗ੍ਰਿਹਿਸਥ ਤਿਆਗ ਕੇ ਜੰਗਲਾਂ ਵਿੱਚ ਸੰਸਾਰੀ ਜੀਵਨ ਤੋਂ ਦੂਰ ਹੋਕੇ ਮੁਕਤੀ ਪ੍ਰਾਪਤ ਨਹੀ ਹੋਵੇਗੀ। ਸ਼ਾਂਤੀ, ਸਦੀਵੀ ਖੇੜਾ ਅਤੇ ਅਨੰਦ ਪ੍ਰਾਪਤ ਕਰਨ ਲਈ ਆਪਣੇ ਅੰਦਰ ਤਬਦੀਲੀ ਤਾਂ ਕਿਤੇ ਵੀ ਰਹਿਕੇ ਅਕਾਲਪੁਰਖ ਦੇ ਨਾਮ ਸਿਮਰਨ ਨਾਲ ਹੀ ਮਿਲ ਸਕਦੀ ਹੈ। ਜੋਗੀਆਂ ਨੇ ਪੁਛਿਆ, "ਗੁਰੂ ਜੀ, ਕਾਮਨਾ ਦੀ ਅੱਗ ਸਰੀਰ ਨੂੰ ਨਿਰੰਤਰ ਸੰਜਮ ਅਧੀਨ ਕਰਨ ਨਾਲ ਵੀ ਨਹੀ ਬੁਝਦੀ। ਕਿਰਪਾ ਕਰਕੇ ਦੱਸੋ ਇਹ ਕਿਸ ਤਰ੍ਹਾਂ ਬੁਝਾਈ ਜਾਵੇ।" ਗੁਰੂ ਜੀ ਨੇ ਉਤ੍ਰ ਇਸ ਸ਼ਬਦ ਰਾਹੀਂ ਦਿੱਤਾ:-

"ਹਉ ਹਉ ਮੈ ਮੈ ਵਿੱਚਹੁ ਖੋਵੈ। ਦੂਜਾ ਮੇਟੈ ਏਕੋ ਹੋਵੈ।
ਜਗੁ ਕਰੜਾ ਮਨਮੁਖੁ ਗਵਾਰੁ।
ਸਬਦੁ ਕਮਾਈਐ ਖਾਈਐ ਸਾਰੁ।
ਅੰਤਰਿ ਬਾਹਰਿ ਏਕੋ ਜਾਣੈ।
ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ।"

(ਰਾਮਕਲੀ ਮ:੧, ਸਿਧ ਗੋਸ਼ਟ, ਪੰਨਾ ੯੪੩)

ਜੋਗੀਆਂ ਦਾ ਚਤਰ ਮਨ ਗੁਰੂ ਜੀ ਦੀ ਹੋਰ ਪ੍ਰੀਖਿਆ ਕਰਨੀ ਚਾਹੁੰਦਾ ਸੀ। ਇਹ ਜਾਣਦਿਆਂ ਕਿ ਗੁਰੂ ਜੀ ਕੋਲ ਉਹਨਾਂ ਨੂੰ ਦੇਣ ਲਈ ਕੁਝ ਨਹੀਂ, ਉਹਨਾਂ ਨੇ ਗੁਰੂ ਜੀ ਨੂੰ ਕਿਹਾ ਕਿ ਕੁਝ ਖਾਣ ਲਈ ਦਿਉ। ਗੁਰੂ ਜੀ ਰੀਠੇ ਦੇ ਬਿਰਛ ਹੇਠ ਬੈਠੇ ਹੋਏ ਸਨ ਅਤੇ ਰੀਠਾ ਸਦਾ ਕੌੜਾ ਹੁੰਦਾ ਹੈ। ਗੁਰੂ ਜੀ ਨੇ ਉਹਨਾਂ ਨੂੰ ਰੀਠੇ ਦਿੱਤੇ ਖਾਣ ਵਾਸਤੇ। ਜੋਗੀ ਰੀਠੇ ਚੱਖਕੇ ਬੜੇ ਹੈਰਾਨ ਹੋਏ ਕਿ ਇਹ ਬੜੇ ਹੀ ਮਿੱਠੇ ਸਨ। ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਬਿਰਛ ਦੇ ਅੱਧੇ ਪਾਸੇ, ਜਿਥੇ ਗੁਰੂ ਜੀ ਬੈਠੇ ਸਨ, ਦੇ ਰੀਠੇ ਮਿੱਠੇ ਹੋ ਗਏ ਅਤੇ ਬਿਰਛ ਦੇ ਦੂਜੇ ਅੱਧੇ ਪਾਸੇ ਵੱਲ ਰੀਠੇ ਕੌੜੇ ਸਨ। ਇਸ ਬਿਰਛ ਦਾ ਫਲ ਅਜੇ ਵੀ ਇਸੇ ਤਰ੍ਹਾਂ ਹੈ।

## ਗੁਰੂ ਜੀ ਬਨਾਰਸ ਆਏ :

ਗੋਰਖਮਤਾ ਪਿਛੋਂ ਗੁਰੂ ਜੀ ਦੱਖਣ ਵਲ ਚਲ ਪਏ ਅਤੇ ਗੋਲਾ, ਅਯੁਧਿਆ, ਪ੍ਰਯਾਗ (ਅਲਾਹਬਾਦ) ਵਿੱਚੋਂ ਲੰਘਦੇ ਬਨਾਰਸ (ਜਿਸਨੂੰ ਵਾਰਾਨਾਸੀ ਵੀ ਕਹਿੰਦੇ ਹਨ) ਪਹੁੰਚੇ ਜੋ ਹਿੰਦੂ ਧਾਰਮਕ ਵਿਦਵਤਾ ਦਾ ਕੇਂਦਰ ਅਤੇ ਸ਼ਿਵ ਦੇਵਤਾ ਦਾ ਨਿਵਾਸ-ਅਸਥਾਨ ਕਿਹਾ ਜਾਂਦਾ ਹੈ। ਗੁਰੂ ਜੀ ਆਪਣੇ ਸਾਥੀ ਭਾਈ ਮਰਦਾਨਾ ਨਾਲ ਸ਼ਹਿਰ ਦੇ ਇੱਕ ਖੁੱਲ੍ਹੇ ਚੌਂਕ ਵਿੱਚ ਬੈਠ ਗਏ। ਪੰਡਤ ਚਤੁਰ ਦਾਸ ਸ਼ਹਿਰ ਦਾ ਮੁਖੀ ਬ੍ਰਾਹਮਣ ਸੀ। ਗੁਰੂ ਜੀ ਦਾ ਪਹਿਰਾਵਾ ਨ ਇੱਕ ਗ੍ਰਹਿਸਥੀ ਮਨੁੱਖ ਵਰਗਾ ਸੀ, ਨਾ ਹੀ ਇੱਕ ਸੰਨਿਆਸੀ ਵਰਗਾ। ਇਹ ਵੇਖਕੇ ਪੰਡਤ ਚਤੁਰ ਦਾਸ ਗੁਰੂ ਜੀ ਨਾਲ ਇੱਕ ਲੰਮੀ ਚਰਚਾ ਕਰਨ ਲਗ ਪਿਆ। ਗੁਰੂ ਜੀ ਨੇ ਉਸਨੂੰ ਪੁਛਿਆ ਕਿ ਉਸਨੇ ਕੀ ਕੁਝ ਪੜ੍ਹਿਆ ਹੋਇਆ ਹੈ, ਲੋਕਾਂ ਨੂੰ ਕੀ ਸਿਖਿਆ ਦਿਤੀ ਹੈ ਅਤੇ ਉਸਨੇ ਆਪਣੇ ਚੇਲਿਆਂ ਨੂੰ ਕੀ ਗਿਆਨ ਦਿਤਾ ਹੈ। ਪੰਡਤ ਨੇ ਉਤ੍ਰ ਦਿੱਤਾ, "ਪ੍ਰਭੂ ਦੇ ਹੁਕਮ ਨਾਲ ਮੈਂ ਲੋਕਾਂ ਨੂੰ ਚੌਦਾ ਤਰ੍ਹਾਂ ਦਾ ਗਿਆਨ ਸਿੱਖਾਉਂਦਾ ਹਾਂ- ਪੜ੍ਹਣਾ, ਤਰਣਾ, ਚਕਿਤਸਾ, ਰਸਾਇਣ, ਜੋਤਿਸ਼, ਛੇ ਰਾਗਾਂ ਅਤੇ ਉਨ੍ਹਾਂ ਦੀਆਂ ਰਾਗੜੀਆਂ ਦਾ ਗਾਇਣ, ਲਿੰਗ-ਭੋਗ ਦਾ ਰਸ ਮਾਨਣ ਦਾ ਵਿਗਿਆਨ, ਵਿਆਕਰਣ, ਰਾਗ-ਵਿਦਿਆ, ਘੋੜ ਸਵਾਰੀ, ਨ੍ਰਿਤ ਕਲਾ, ਤੀਰੰਦਾਜੀ, ਧਰਮ ਸ਼ਾਸਤਰ ਅਤੇ ਨੀਤੀ।" ਗੁਰੂ ਜੀ ਨੇ ਸਮਝਾਇਆ ਕਿ ਇਹਨਾਂ ਸਾਰਿਆਂ ਨਾਲੋਂ ਚੰਗੇਰਾ ਹੈ ਅਕਾਲ ਪੁਰਖ ਸਬੰਧੀ ਸੋਝੀ। ਇਸਤੇ ਗੁਰੂ ਜੀ ਨੇ ਰਾਮਕਲੀ ਮਹਲਾ ੧, ਦੱਖਣੀ ਓਅੰਕਾਰ ਦੇ ੫੪ ਪਦਿਆਂ ਦਾ ਉਚਾਰਣ ਕੀਤਾ :

"ਓਅੰਕਾਰਿ ਬ੍ਰਹਮਾ ਉਤਪਤਿ। ਓਅੰਕਾਰੁ ਕੀਆ ਜਿਨਿ ਚਿਤਿ।।
ਓਅੰਕਾਰਿ ਸੈਲ ਜੁਗ ਭਏ। ਓਅੰਕਾਰਿ ਬੇਦ ਨਿਰਮਏ।
ਓਅੰਕਾਰਿ ਸਬਦਿ ਉਧਰੇ। ਓਅੰਕਾਰਿ ਗੁਰਮੁਖਿ ਤਰੇ।
ਓਨਮ [11] ਅਖਰ ਸੁਣਹੁ ਬੀਚਾਰੁ। ਓਨਮ ਅਖਰੁ ਤ੍ਰਿਭਵਣ ਸਾਰੁ।੧।ਰਹਾਉ।
ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ। ਲਿਖੁ ਰਾਮਨਾਮ ਗੁਰਮੁਖਿ ਗੋਪਾਲਾ।
ਸਸੈ ਸਭੁ ਜਗੁ ਸਹਿਜਿ ਉਪਾਇਆ ਤੀਨਿ ਭਵਨ ਇੱਕ ਜੋਤੀ।
ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ।
ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ।
ਗੁਰਮੁਖਿ ਦੇਖੈ ਸਾਚੁ ਸਮਾਲੇ ਬਿਨੁ ਸਾਚੇ ਜਗੁ ਕਾਚਾ।।"

(ਰਾਮਕਲੀ ਮਹਲਾ ੧, ਦੱਖਣੀ ਓਅੰਕਾਰ, ਪੰ: ੯੨੯)

ਰਾਮਕਲੀ ਰਾਗ ਦਾ ਇਹ ਸ਼ਬਦ ਸੁਣਕੇ ਪੰਡਤ ਚਤੁਰ ਦਾਸ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਗੁਰੂ ਜੀ ਦਾ ਸਿੱਖ ਬਣਿਆ, ਅਤੇ ਉਸ ਇਲਾਕੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਦਾ ਬਹੁਤ ਕਾਰਜ ਕੀਤਾ। ਜਿਥੇ ਗੁਰੂ ਜੀ ਠਹਿਰੇ ਸਨ ਉਥੇ ਹੁਣ ਗੁਰਦਵਾਰਾ ਗੁਰੂ ਕਾ ਬਾਗ ਸਥਿਤ ਹੈ।

## ਗੁਰੂ ਜੀ ਗਯਾ ਆਏ :

ਬਨਾਰਸ ਪਿਛੋਂ ਗੁਰੂ ਜੀ ਗਯਾ ਪੁੱਜੇ ਜੋ ਫਲਗੂ (ਸਰਜੂ) ਦਰਿਆ ਦੇ ਕੰਢੇ ਹਿੰਦੂਆਂ ਦਾ ਪ੍ਰਸਿੱਧ ਤੀਰਥ ਹੈ। ਉਥੇ ਹਿੰਦੂ ਪੁਜਾਰੀਆਂ ਨੇ ਘੋਸ਼ਣਾ ਕੀਤੀ ਹੋਈ ਸੀ ਕਿ ਜੋ ਕੋਈ ਵੀ ਗਯਾ ਭੇਟਾ ਚੜ੍ਹਾਵੇਗਾ, ਖਾਸ ਕਰ ਵੈਸਾਖੀ ਦੇ ਸਮੇਂ, ਉਸਦੇ ਸੰਸਾਰ ਤੋਂ ਕੂਚ ਕਰ ਚੁੱਕੇ ਪੁਰਖਿਆਂ ਦੀ ਸੱਤ ਕੁਲਾਂ ਨੂੰ ਮੁਕਤੀ ਪ੍ਰਾਪਤ ਹੋਵੇਗੀ। ਭੋਲੇ ਭਾਲੇ ਲੋਕ ਬਹੁਤ ਬਹੁਤ ਧਨ ਭੇਟਾ ਚੜ੍ਹਾਉਂਦੇ ਅਤੇ ਪੁਜਾਰੀ ਪਿਤਰਾਂ ਨੂੰ ਚੌਲਾਂ ਦੇ ਕੋਫਤੇ ਅਰਪਨ ਕਰਕੇ ਭੋਜਨ ਕਰਾਉਂਦੇ ਅਤੇ ਛੋਟੀਆਂ ਛੋਟੀਆਂ ਬੱਤੀਆਂ ਨਾਲ ਉਨ੍ਹਾਂ ਦੇ ਸਵਰਗ ਵਿੱਚ ਰਾਹ ਦੇ ਚਾਨਣ ਕਰਨ ਵਾਸਤੇ ਜਗਾਉਂਦੇ। ਗੁਰੂ ਜੀ ਇਹ ਵੇਖਕੇ ਹੱਸਣ ਲੱਗੇ ਤਾਂ ਪੁਜਾਰੀ ਬੜੇ ਗੁੱਸੇ ਵਿੱਚ ਆ ਗਏ। ਇਸਤੇ ਗੁਰੂ ਜੀ ਨੇ ਸਮਝਾਇਆ ਕਿ ਜੋ ਆਪਣੇ ਸਰੀਰ ਸੰਸਾਰ ਵਿੱਚ ਛੱਡ ਗਏ ਹਨ ਉਨ੍ਹਾਂ ਨੂੰ ਕੋਈ ਭੋਜਨ ਨਹੀਂ ਚਾਹੀਦਾ ਅਤੇ ਨਾ ਹੀ ਵੇਖਣ ਵਾਸਤੇ ਬੱਤੀਆਂ ਦਾ ਚਾਨਣ। ਜੇ ਇਹ ਸਰੀਰ ਅਗਲੇ ਸੰਸਾਰ ਵਿੱਚ ਨਹੀਂ ਜਾ ਸਕਿਆ ਤਾਂ ਸਪਸ਼ਟ ਹੈ ਕਿ ਕੋਈ ਮਾਦਕ ਵਸਤੂ ਇਸ ਜਗਤ ਵਿੱਚੋਂ ਦੂਜੇ ਪਾਸੇ ਨਹੀਂ ਪਹੁੰਚ ਸਕੇਗੀ। ਇਸ ਤਰ੍ਹਾਂ ਗੁਰੂ ਜੀ ਨੇ ਲੋਕਾਂ ਨੂੰ ਸੋਝੀ ਦਿੱਤੀ ਅਤੇ ਕਿਹਾ ਕਿ ਇੱਕ ਨਿਰੰਕਾਰ ਪ੍ਰਭੂ ਦੀ ਹੀ ਪੂਜਾ ਕਰੋ।

## ਗੁਰੂ ਜੀ ਕਾਮਰੂਪ ਗਏ :

ਗਯਾ ਪਿਛੋਂ ਗੁਰੂ ਜੀ ਉਸ ਇਲਾਕੇ ਵਿੱਚੋਂ ਲੰਘੇ ਜਿਥੇ ਅਜੋਕਾ ਸ਼ਹਿਰ ਪਟਨਾ ਹੈ ਅਤੇ ਹਾਜੀਪੁਰ ਪੁੱਜੇ। ਉਥੋਂ ਚਲਕੇ ਗੁਰੂ ਜੀ ਕੰਤਨਗਰ ਰਾਹੀਂ ਮਾਲਡਾ ਪੁੱਜੇ। ਮਾਲਡਾ ਸ਼ਹਿਰ ਗੰਗਾ ਅਤੇ ਮਹਾਨਦੀ ਦੇ ਸੰਗਮ ਉਤੇ ਵੱਸਿਆ ਹੋਇਆ ਹੈ। ਦੱਸਿਆ ਜਾਂਦਾ ਹੈ ਕਿ ਮਾਲਡਾ ਦੇ ਇੱਕ ਸਥਾਨਕ ਵਪਾਰੀ ਨੇ ਗੁਰੂ ਨਾਨਕ ਜੀ ਦੀ ਬੜੀ ਸੇਵਾ ਕੀਤੀ ਜਿਸਤੋਂ ਗੁਰੂ ਜੀ ਨੇ ਉਸ ਨੂੰ ਮਿਹਰਾਂ ਬਖਸ਼ੀਆਂ। ਗੁਰੂ ਜੀ ਦਾ ਅਗਲਾ ਪੜਾਅ ਆਸਾਮ ਵਿੱਚ ਧੁਬਰੀ ਸੀ। ਧੁਬਰੀ ਪਿਛੋਂ ਗੁਰੂ ਜੀ ਬ੍ਰਹਮਪੁਤਰ ਦਰਿਆ ਦੇ ਕੰਢੇ ਕੰਢੇ ਕਾਮਰੂਪ ਵੱਲ ਚਲਦੇ ਗਏ, ਜੋ ਸਥਾਨ ਅਜੋਕੇ ਗੋਹਾਟੀ ਸ਼ਹਿਰ ਦੇ ਨੇੜੇ ਹੈ। ਇਸ ਸਾਰੇ ਰਸਤੇ ਉਤੇ ਬਹੁਤ ਸਾਰੇ ਪੁਰਾਣੇ ਇਤਹਾਸਕ ਗੁਰਦਵਾਰੇ ਗੁਰੂ ਜੀ ਦੇ ਆਉਣ ਦੀ ਯਾਦ ਵਿੱਚ ਬਣੇ ਹੋਏ ਹਨ।

ਕਾਮਰੂਪ ਸ਼ਹਿਰ 'ਤੇ ਇੱਕ ਜਾਦੂਗਰਨੀ ਦਾ ਰਾਜ ਸੀ। ਉਸਨੇ ਆਪਣਾ ਨਾਮ ਨੂਰਸ਼ਾਹ, ਜਿਸਤੋਂ ਉਸਨੇ ਜਾਦੂ ਦਾ ਹੁਨਰ ਸਿਖਿਆ ਸੀ, ਰੱਖਿਆ ਹੋਇਆ ਸੀ। ਉਹ ਅਤੇ ਉਸਦੀਆਂ ਸਾਥਣਾਂ ਕਾਲਾ ਜਾਦੂ ਦਾ ਵਿਹਾਰ ਕਰਦੀਆਂ ਅਤੇ ਉਸ ਇਲਾਕੇ ਵਿੱਚ ਅਦਭੁਤ ਸ਼ਕਤੀਆਂ ਦੀ ਵਰਤੋਂ ਕਰਦੀਆਂ ਸਨ। ਆਲੇ ਦੁਆਲੇ ਦਾ ਸਾਰਾ ਦੇਸ ਉਸ ਦੇ ਅਧਿਕਾਰ ਵਿੱਚ ਸੀ ਅਤੇ ਬਹੁਤ ਸਾਰੇ ਰਹਸਵਾਦੀ, ਜੋਗੀ, ਆਦਿ ਉਸਦੀਆਂ ਜਾਦੂ ਦੀਆਂ ਚਾਲਾਂ ਦਾ ਸ਼ਿਕਾਰ ਹੋ ਗਏ ਸਨ।

ਗੁਰੂ ਜੀ ਸ਼ਹਿਰ ਤੋਂ ਬਾਹਰਵਾਰ ਇੱਕ ਬਿਰਛ ਹੇਠ ਠਹਿਰ ਗਏ ਅਤੇ ਮਰਦਾਨਾ ਸ਼ਹਿਰ ਵਿੱਚ ਕੁਝ ਖਾਣ ਵਾਸਤੇ ਲੈਣ ਗਿਆ। ਰਾਹ ਵਿੱਚ ਉਸਨੂੰ ਕੁਝ ਤੀਵੀਆਂ ਮਿਲੀਆਂ ਜਿਨ੍ਹਾਂ ਦੀਆਂ ਕਪਟ ਚਾਲਾਂ ਵਿੱਚ ਉਹ ਫਸ ਗਿਆ। ਉਨ੍ਹਾਂ ਨੇ ਉਸਨੂੰ ਮੇਮਣਾ ਬਣਾ ਦਿਤਾ। ਜਾਦੂ ਦੇ ਪ੍ਰਭਾਵ ਹੇਠ ਮਰਦਾਨੇ ਨੂੰ ਉਹ ਜੋ ਹੁਕਮ ਦੇਂਦੀਆਂ ਕਰੀ ਜਾਂਦਾ। ਇਸ ਤਰ੍ਹਾਂ ਨੂਰਸ਼ਾਹ ਦੇ ਜਾਦੂ ਵਿੱਚ ਕੈਦ ਉਹ ਵਾਪਸ ਗੁਰੂ ਜੀ ਕੋਲ ਨ ਜਾ ਸਕਿਆ। ਗੁਰੂ ਜੀ ਨੂੰ ਪਤਾ ਸੀ ਕਿ ਉਨ੍ਹਾਂ ਦੇ ਰਬਾਬੀ ਨਾਲ ਕੀਹ ਵਾਪਰਿਆ ਹੈ ਅਤੇ ਉਹ ਮਰਦਾਨੇ ਨੂੰ ਜਾਦੂਗਰਨੀਆਂ ਤੋਂ ਮੁਕਤ ਕਰਾਉਣ ਲਈ ਚੱਲੇ। ਨੂਰਸ਼ਾਹ ਨੇ ਗੁਰੂ ਜੀ ਨੂੰ ਆਉਂਦਿਆਂ ਡਿੱਠਾ ਅਤੇ ਆਪਦੇ ਜਾਦੂ ਨਾਲ ਉਨ੍ਹਾਂ ਨੂੰ ਵੱਸ ਵਿੱਚ ਕਰਨ ਦੀ ਕੋਸ਼ਿਸ਼ ਕੀਤੀ। ਪਰ ਇਹ ਸਫਲ ਨ ਹੋਇਆ। ਉਸਨੇ ਵੇਖਿਆ ਕਿ ਉਸਦਾ ਜਾਦੂ ਬੇਕਾਰ ਹੋ ਗਿਆ ਹੈ। ਉਸਦੀਆਂ ਨਿਰਫਲ ਕੋਸ਼ਿਸ਼ਾਂ ਤੇ ਗੁਰੂ ਜੀ ਨੇ ਕੁਚੱਜੀ ਬਾਰੇ ਇਹ ਸ਼ਬਦ ਦਾ ਉਚਾਰਣ ਕੀਤਾ :

"ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ।
ਇੱਕਦੂ ਇਕਿ ਚੜੰਦੀਆਂ ਕਉਣ ਜਾਣੈ ਮੇਰਾ ਨਾਉ ਜੀਉ।
ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ [੧੨] ਛਾਵੜੀਏਹਿ ਜੀਉ।
ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ।
ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ।
ਇੱਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ।
ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ।
ਸੇ ਵਸਤੂ ਸਹਿ ਦਿਤੀਆ ਮੈ ਤਿਨ ਸਿਉ ਲਾਇਆ ਚਿਤੁ ਜੀਉ।
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ।
ਹਉ ਏਨੀ ਟੋਲੀ ਭੁਲੀਅਸੁ ਤਿਸ ਕੰਤ ਨ ਬੈਠੀ ਪਾਸਿ ਜੀਉ।
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ।
ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ।
ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ।
ਤੈ ਸਹ ਨਾਲਹੁ ਮੁਤੀਅਸੁ ਦੁਖਾਂ ਕੂੰ ਧਰੀਆਸੁ ਜੀਉ।
ਤੁਧੁ ਗੁਣ ਮੈ ਸਭਿ ਅਵਗੁਣਾ ਇੱਕ ਨਾਨਕ ਕੀ ਅਰਦਾਸਿ ਜੀਉ।
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ।।"

(ਰਾਗ ਸੂਹੀ ਮਹਲਾ ੧, ਪੰਨਾ ੭੬੨)

ਗੁਰੂ ਜੀ ਨੇ ਇਸ ਸਮੇਂ ਇਹ ਵੀ ਸ਼ਬਦ ਉਚਾਰਿਆ:

"ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ।
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ।
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ।
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ।
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ।
ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ।।"

(ਸਿਰੀ ਰਾਗ ਕੀ ਵਾਰ ਮਹਲਾ ੧, ਪੰਨਾ ੮੫)

ਗੁਰੂ ਜੀ ਨੇ ਸ਼ਬਦ ਉਚਾਰਣ ਕੀਤੇ ਤਾਂ ਨੂਰਸ਼ਾਹ ਨੇ ਸੋਚਿਆ ਕਿ ਇਨ੍ਹਾਂ ਨੂੰ ਧਨ ਨਾਲ ਭਰਮਾ ਲਵੇਗੀ। ਉਸਦੀਆਂ ਗੋਲੀਆਂ ਨੇ ਮੋਤੀ, ਹੀਰੇ, ਸੋਨਾ, ਚਾਂਦੀ ਗੁਰੂ ਜੀ ਅੱਗੇ ਲਿਆ ਧਰਿਆ। ਨੂਰਸ਼ਾਹ ਤਦ ਕਹਿਣ ਲੱਗੀ: "ਓ ਮਹਾਨ ਜਾਦੂਗਰ, ਮੈਨੂੰ ਆਪਣਾ ਚੇਲਾ ਬਣਾ ਲਵੋ ਅਤੇ ਆਪਣੀ ਜਾਦੂ ਕਲਾ ਸਿੱਖਾ ਦਿਉ।"

ਗੁਰੂ ਜੀ ਨੇ ਸਾਰੇ ਧਨ ਪਦਾਰਥ ਨੂੰ ਨਾਂਹ ਕਰ ਦਿਤੀ ਅਤੇ ਇਹ ਸ਼ਬਦ ਉਚਾਰਿਆ :

"ਇਆਨੜੀਏ ਮਾਨੜਾ ਕਾਇ ਕਰੇਹਿ।
ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ।
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ।
ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ।
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ।੧।
ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ।
ਕਰਣ ਪਲਾਹ ਕਰੇ ਬਹੁਤੇਰੇ ਸਾਧਨ ਮਹਲੁ ਨ ਪਾਵੈ।
ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ।
ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ।
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ।੨।
ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ।
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ।
ਜਾਕੈ ਪ੍ਰੇਮ ਪਦਾਰਥ ਪਾਈਐ ਤਉ ਚਰਣੀ ਚਿਤੁ ਲਾਈਐ।
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਸੈ ਐਸਾ ਪਰਮਲੁ ਲਾਈਐ।
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ।੩।
ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ।
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉਨਿਧਿ ਪਾਈ।
ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ।
ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ।
ਸੁੰਦਰਿ ਸਾਇ ਸਰੂਪ ਬਿਚਖਣ ਕਹੀਐ ਸਾ ਸਿਆਣੀ।।੪।।"

(ਤਿਲੰਗ ਮ:੧, ਪੰਨਾ ੭੨੨)

ਇਹ ਸ਼ਬਦ ਸੁਣਕੇ ਨੂਰਸ਼ਾਹ ਅਤੇ ਉਸਦੀਆਂ ਸਾਥਨਾਂ ਗੁਰੂ ਜੀ ਦੇ ਚਰਨਾਂ ਤੇ ਢਹਿ ਪਈਆਂ ਅਤੇ ਖਿਮਾ ਦੀ ਜਾਚਨਾ ਕੀਤੀ ਅਤੇ ਮੁਕਤੀ ਲਈ ਮਿਹਰ ਦੀ ਬਖਸ਼ਿਸ਼ ਮੰਗੀ। ਗੁਰੂ ਜੀ ਨੇ ਉਨ੍ਹਾਂ ਨੂੰ ਅਕਾਲ ਪੁਰਖ ਦਾ ਨਾਮ ਚਿਤ ਲਾਕੇ ਜਪਣ ਲਈ, ਆਪਣੇ ਗ੍ਰਹਿਸਥ ਦੇ ਫਰਜ਼ ਨਿਭਾਉਣ, ਜਾਦੂ ਦਾ ਧੰਦਾ ਤਿਆਗ ਦੇਣ ਲਈ ਉਪਦੇਸ਼ ਦਿਤਾ ਜਿਸ ਨਾਲ ਉਹ ਪਰਮਗਤੀ ਪ੍ਰਾਪਤ ਕਰ ਲੈਣਗੀਆਂ। ਉਹ ਗੁਰੂ ਜੀ ਦੀਆਂ ਸ਼ਰਧਾਲੂ ਸਿੱਖ ਬਣ ਗਈਆਂ। ਕੁਝ ਸਮਾਂ ਠਹਿਰਕੇ ਗੁਰੂ ਜੀ ਉਥੋਂ ਚਲ ਪਏ, ਪਿਛੇ ਇਹਨਾਂ ਜਾਗਰਤ ਹੋਈਆਂ ਰੂਹਾਂ ਨੂੰ ਇਲਾਹੀ ਮਿਸ਼ਨ ਦਾ ਪ੍ਰਚਾਰ ਕਰਨਾ ਸੌਂਪਕੇ।

## ਕੌਡਾ ਰਾਕਸ਼ :

ਗੁਰੂ ਜੀ ਨੇ ਆਸਾਮ ਤੇ ਬੀਆਬਾਨਾਂ ਉਜਾੜਾਂ ਵਿੱਚੋਂ ਬਹੁਤ ਸਾਰੇ ਮੀਲਾਂ ਦਾ ਸਫਰ ਕੀਤਾ। ਮਰਦਾਨਾ ਬੜਾ ਥੱਕਿਆ ਅਤੇ ਭੁੱਖ ਮਹਿਸੂਸ ਕਰ ਰਿਹਾ ਸੀ ਸੋ ਗੁਰੂ ਜੀ ਅਤੇ ਉਹ ਇੱਕ ਬਿਰਛ ਹੇਠ ਬੈਠ ਗਏ। ਕੁਝ ਸਮਾਂ ਹੋਇਆ, ਮਰਦਾਨਾ ਕੁਝ ਭੋਜਨ ਵਾਸਤੇ ਲਿਆਉਣ ਲਈ ਗਿਆ। ਰਾਹ ਵਿੱਚ ਉਸਨੂੰ ਮਾਨਸ ਖਾਣ ਵਾਲਾ ਕੌਡਾ ਮਿਲਿਆ। ਉਸਨੇ ਮਰਦਾਨੇ ਨੂੰ ਅਚਾਨਕ ਆ ਫੜਿਆ ਅਤੇ ਉਸਦੇ ਹੱਥ ਪੈਰ ਰੱਸੇ ਨਾਲ ਬੰਨ੍ਹ ਕੇ ਦੂਜੀ ਥਾਂ ਲੈ ਤੁਰਿਆ ਜਿਥੇ ਕੌਡੇ ਨੇ ਵੱਡਾ ਕੜਾਹਾ ਤੇਲ ਨਾਲ ਭਰਿਆ ਰੱਖਿਆ ਹੋਇਆ ਸੀ ਆਪਣੇ ਸ਼ਿਕਾਰ ਦਾ ਮਾਸ ਤਲਣ ਲਈ। ਉਹ ਕੜਾਹੇ ਹੇਠ ਅੱਗ ਬਾਲਣ ਲੱਗਾ ਤਾਂ ਮਰਦਾਨਾ ਬਹੁਤ ਡਰ ਗਿਆ ਅਤੇ ਗੁਰੂ ਜੀ ਨੂੰ ਯਾਦ ਕਰਕੇ ਅਰਦਾਸ ਕੀਤੀ ਕਿ ਆਕੇ ਉਸਨੂੰ ਛੁਡਾਉਣ। ਗੁਰੂ ਜੀ ਨੂੰ ਪਹਿਲਾਂ ਹੀ ਪਤਾ ਸੀ ਅਤੇ ਮਰਦਾਨੇ ਨੂੰ ਛੁਡਾਉਣ ਵਾਸਤੇ ਆ ਰਹੇ ਸਨ।

ਕੌਡਾ ਅਜੇ ਅੱਗ ਬਾਲ ਹੀ ਰਿਹਾ ਸੀ ਕਿ ਗੁਰੂ ਜੀ ਆ ਪੁੱਜੇ। ਇਸ ਨਾਲ ਕੌਡਾ ਬਹੁਤ ਘਬਰਾ ਗਿਆ। ਗੁਰੂ ਜੀ ਨੇ ਉਸ ਵੱਲ ਦਇਆ ਅਤੇ ਮਿਹਰ ਦੀ ਨਜ਼ਰ ਕੀਤੀ ਅਤੇ ਕਿਹਾ, "ਕੌਡਾ, ਤੂੰ ਵੇਖਦਾ ਨਹੀਂ ਕਿ ਤੂੰ ਕੀਹ ਕਰ ਰਿਹਾ ਹੈਂ, ਕੀਹ ਤੂੰ ਨਰਕ ਦੀ ਅੱਗ ਵਿੱਚ ਆਪਣੇ ਆਪ ਨੂੰ ਸੁੱਟੇਂਗਾ?" ਇਲਾਹੀ ਗੁਰੂ ਜੀ ਦੀ ਮਿਹਰਾਂ ਭਰੀ ਅਤੇ ਪਾਵਨ ਨਜ਼ਰ ਅਜੇਹੇ ਲੋਕਾਂ ਨੂੰ ਆਪਣਾ ਦੋਸ਼ ਅਨੁਭਵ ਕਰਾ ਦਿੰਦੀ ਸੀ ਅਤੇ ਉਹ ਉਹਨਾਂ ਦੇ ਚਰਨਾਂ ਤੇ ਢਹਿ ਪੈਂਦੇ ਅਤੇ ਰਹਿਮ ਲਈ ਜੋਦੜੀ ਕਰਦੇ ਸਨ। ਕੌਡਾ ਜਿਸਦਾ ਅੰਤਹਿਕਰਨ ਘੋਰ ਅਪਰਾਧਾਂ ਨਾਲ ਮਰ ਚੁੱਕਾ ਸੀ, ਇੱਕ ਦਮ ਅਨੁਭਵ ਕਰਨ ਲੱਗਾ ਅਤੇ ਪਛਤਾਵੇ ਨਾਲ ਬਿਹਬਲ ਹੋ ਗਿਆ। ਉਹ ਗੁਰੂ ਜੀ ਦੇ ਚਰਨਾਂ ਤੇ ਢੱਠਾ ਅਤੇ ਰਹਿਮ ਲਈ ਬੇਨਤੀਆਂ ਕਰਨ ਲੱਗਾ। ਕਿਰਪਾ ਨਿਧਾਨ ਗੁਰੂ ਜੀ ਨੇ ਉਸਨੂੰ ਨਾਮ ਦੀ ਬਖਸ਼ਿਸ਼ ਕੀਤੀ। ਕੌਡਾ ਬਿਲਕੁਲ ਨਵਾਂ ਮਨੁਖ ਬਣ ਗਿਆ ਅਤੇ ਉਸਤੋਂ ਪਿਛੋਂ ਗੁਰੂ ਜੀ ਦਾ ਸ਼ਰਧਾਲੂ ਸਿੱਖ ਬਣਕੇ ਰਹਿਣ ਲਗ ਪਿਆ।

## ਗੁਰੂ ਜੀ ਜਗਨਨਾਥ ਪੁਰੀ ਆਏ :

ਗੋਲਾਨਗਰ ਅਤੇ ਧਨਾਸਰੀ ਵਾਦੀ, ਜਿਥੇ ਬਹੁਤ ਸਾਰੇ ਮਾਣਸਖਾਣੇ ਰਹਿੰਦੇ ਸਨ, ਲੰਘਕੇ ਗੁਰੂ ਜੀ ਗੋਹਾਟੀ ਵੱਲ ਪਰਤ ਗਏ। ਉਥੋਂ ਉਹ ਸ਼ੀਲੌਂਗ ਅਤੇ ਅੱਗੋਂ ਸਿਲਹਟ, ਜਿਥੇ ਉਨ੍ਹਾਂ ਦੀ ਯਾਦ ਵਿੱਚ ਇੱਕ ਪੁਰਾਣਾ ਗੁਰਦਵਾਰਾ ਸਥਿਤ ਹੈ, ਵੱਲ ਗਏ। ਉਸ ਪਿਛੋਂ ਗੁਰੂ ਜੀ ਢਾਕਾ ਗਏ ਅਤੇ ਰਾਹ ਵਿੱਚ ਕਲਕੱਤਾ ਅਤੇ ਕਟਕ ਵਿੱਚੋਂ ਲੰਘਕੇ ਜਗਨਨਾਥ ਪੁਰੀ ਪੁੱਜੇ।

ਜਗਨਨਾਥ ਦਾ ਮੰਦਰ ਹਿੰਦੂਆਂ ਦੇ ਚਾਰ ਸਭ ਤੋਂ ਵੱਧ ਸਨਮਾਨਤ ਮੰਦਰਾਂ ਵਿੱਚੋਂ ਸੀ, ਬਾਕੀ ਤਿੰਨ ਮੰਦਰ ਸਨ ਸੋਮਨਾਥ, ਬਦਰੀਨਾਥ ਅਤੇ ਵਿਸ਼ਵਾਨਾਥ। ਕਿਹਾ ਜਾਂਦਾ ਹੈ ਕਿ ਜਗਨ ਨਾਥ ਦੀ ਮੂਰਤੀ ਦੇਵਤਿਆਂ ਦੇ ਪਥਰਘਾੜੇ ਨੇ ਘੜੀ ਸੀ ਅਤੇ ਬ੍ਰਹਮਾ ਨੇ ਇਸ ਮੰਦਰ ਵਿੱਚ ਆਪ ਸਥਾਪਨ ਕੀਤੀ। ਜਦ ਗੁਰੂ ਨਾਨਕ ਮੰਦਰ ਪੁੱਜੇ ਤਾਂ ਇਹ ਮੂਰਤੀ ਦੀ ਸਥਾਪਨਾ ਦਾ ਵਾਰਸ਼ਕ ਦਿਵਸ ਸੀ। ਗੁਰੂ ਜੀ ਮੰਦਰ ਵੱਲ ਮੂਰਤੀ ਦੀ ਪੂਜਾ ਕਰਨ ਨਹੀਂ, ਲੋਕਾਂ ਨੂੰ ਆਦੇਸ਼ ਦੇਣ ਲਈ ਗਏ ਸੀ ਕਿ ਅਕਾਲ ਪੁਰਖ ਦੀ ਪੂਜਾ ਦੇਵਤਾ ਦੀ ਪੂਜਾ ਨਾਲੋਂ ਉਤਮ ਹੈ। ਸੰਧਿਆ ਦਾ ਸਮਾਂ ਹੋ ਗਿਆ ਸੀ। ਪੁਜਾਰੀ ਇੱਕ ਵੱਡਾ ਚਾਂਦੀ ਦਾ ਥਾਲ, ਜਿਸ ਵਿੱਚ ਬਹੁਤ ਸਾਰੇ ਜਲਦੇ ਦੀਵੇ, ਫੁੱਲ, ਧੂਪ ਅਤੇ ਮੋਤੀ ਰੱਖੇ ਹੋਏ ਸਨ, ਲੈਕੇ ਆਏ। ਤਦ ਸਾਰੇ ਲੋਕ ਉਠ ਖੜੇ ਹੋਏ ਦੇਵਤੇ ਦੀ ਮੂਰਤੀ ਅੱਗੇ ਥਾਲ ਨਾਲ ਆਰਤੀ ਕਰਨ। ਮੁਖੀ ਪੁਜਾਰੀ ਨੇ ਗੁਰੂ ਜੀ ਨੂੰ ਦੇਵਤੇ ਦੀ ਪੂਜਾ ਵਿੱਚ ਸ਼ਾਮਲ ਹੋਣ ਲਈ ਕਿਹਾ। ਗੁਰੂ ਜੀ ਨਾ ਸ਼ਾਮਲ ਹੋਏ ਜਿਸ ਤੋਂ ਪੁਜਾਰੀਆਂ ਨੂੰ ਗੁੱਸਾ ਚੜ੍ਹ ਗਿਆ। ਜਦ ਉਹਨਾਂ ਨੇ ਗੁਰੂ ਜੀ ਤੋਂ ਨ ਸ਼ਾਮਲ ਹੋਣ ਦਾ ਕਾਰਨ ਪੁਛਿਆ ਤਾਂ ਗੁਰੂ ਜੀ ਨੇ ਸਮਝਾਇਆ ਕਿ ਪ੍ਰਭੂ ਦੇ ਅੱਗੇ ਕੁਦਰਤ ਵਲੋਂ ਅਦਭੁਤ ਨਾਦ ਦਾ ਗਾਇਣ ਹੋ ਰਿਹਾ ਹੈ। ਗਗਨ ਰੂਪੀ ਥਾਲ ਵਿੱਚ ਸੂਰਜ ਅਤੇ ਚੰਦ੍ਰਮਾ ਦੋ ਦੀਵੇ ਬਲ ਰਹੇ ਹਨ ਅਤੇ ਮਲਆਨ ਪਰਬਤਾਂ ਵਲੋਂ ਸੁਗੰਧੀ ਦੇ ਬੁੱਲੇ ਧੂਪ ਦਾ ਕਾਰਜ ਕਰ ਰਹੇ ਹਨ। ਇਸ ਤਰ੍ਹਾਂ ਅਕਾਲ ਪੁਰਖ ਦੀ ਆਰਤੀ ਹੋ ਰਹੀ ਹੈ। ਸੋ ਗੁਰੂ ਜੀ ਨੇ ਮੁਖੀ ਪੁਜਾਰੀ ਦੇ ਨਿਮੰਤਰਣ ਦੀ ਥਾਂ ਆਕਾਸ਼ ਵੱਲ ਅੱਖਾਂ ਕਰ ਕੇ ਇਸ ਸ਼ਬਦ ਦਾ ਉਚਾਰਣ ਕੀਤਾ:

"ਗਗਨ ਮੈ ਥਾਲੁ ਰਵਿ ਚੰਦੁ ਦੀਪਕ
ਬਨੇ ਤਾਰਿਕਾ ਮੰਡਲ ਜਨਕ ਮੋਤੀ।
ਧੂਪੁ ਮਲਆਨਲੋ [੧੩] ਪਵਣੁ ਚਵਰੋ
ਕਰੇ ਸਗਲ ਬਨਰਾਇ ਫੂਲੰਤ ਜੋਤੀ।੧।
ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ।
ਅਨਹਤਾ ਸਬਦ ਵਾਜੰਤ ਭੇਰੀ।੧।ਰਹਾਉ।
ਸਹਸ ਤਵ ਨੈਨ ਨਨ ਨੈਨ ਹੈ ਤੋਹਿ
ਕਉ ਸਹਸ ਮੂਰਤਿ ਨਨਾ ਏਕ ਤੋਹੀ
[੧੪] ਸਹਸ ਪਦ ਬਿਮਲ ਪਦ ਨਨ ਏਕ
ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ।
ਸਭ ਮਹਿ ਜੋਤਿ ਜੋਤਿ ਹੈ ਸੋਇ।
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ।
ਗੁਰ ਸਾਖੀ ਜੋਤਿ ਪਰਗਟੁ ਹੋਇ।

ਜੋ ਤਿਸੁ ਭਾਵੈ ਸੁ ਆਰਤੀ ਹੋਇ।
ਹਰਿ ਚਰਣ ਕਮਲ ਮਕਰੰਦ ਲੋਭਿਤ
ਮਨੋ ਅਨਦਿਨੋ ਮੋਹਿ ਆਹੀ ਪਿਆਸਾ।
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ [੧੫]
ਕਉ ਹੋਇ ਜਾ ਤੇ ਤੇਰੈ ਨਾਇ ਵਾਸਾ।੪।"

(ਧਨਾਸਰੀ ਮਹਲਾ ੧, ਆਰਤੀ, ਪੰਨਾ ੬੬੩)

ਪੁਰਾਤਨ ਜਨਮਸਾਖੀ ਅਨੁਸਾਰ ਗੁਰੂ ਜੀ ਦੀ ਪਹਿਲੀ ਉਦਾਸੀ ਪੁਰੀ ਆਉਣ ਤਕ ਸਮਾਪਤ ਹੋਈ ਅਤੇ ਗੁਰੂ ਜੀ ਪੰਜਾਬ ਵਾਪਸ ਆ ਗਏ। ਕੁਝ ਸਮਾਂ ਪਿਛੋਂ ਗੁਰੂ ਜੀ ਦੀ ਦੂਜੀ ਉਦਾਸੀ ਅਰੰਭ ਹੋਈ ਦਖਣ ਵੱਲ। ਜੇ ਗੁਰੂ ਜੀ ਪੁਰੀ ਤੋਂ ਵਾਪਸ ਮੁੜੇ ਸਨ ਤਾਂ ਆਉਂਦਿਆਂ ਰਾਹ ਵਿੱਚ ਉਹ ਕੁਝ ਮਹਤਵਪੂਰਣ ਥਾਵਾਂ ਤੇ ਵੀ ਜ਼ਰੂਰ ਗਏ ਹੋਣਗੇ। ਪਰ ਜਨਮਸਾਖੀ ਵਿੱਚ ਇਸਦਾ ਕੋਈ ਜ਼ਿਕਰ ਨਹੀਂ। ਪਰ ਮੇਹਰਬਾਨ ਵਾਲੀ ਜਨਮਸਾਖੀ ਪੂਰਬ ਅਤੇ ਦੱਖਣ ਦਾ ਵਿੱਚਾਰ ਹੈ ਕਿ ਜਗਨਨਾਥ ਪੁਰੀ ਦੀ ਸਥਿਤੀ ਅਜੇਹੀ ਹੈ ਕਿ ਇੱਕ ਯਾਤਰੀ ਦਖਣੀ ਭਾਰਤ ਵੱਲ ਜਾਣ ਦਾ ਵਿੱਚਾਰ ਕਰੇ ਤਾਂ ਉਹ ਪੰਜਾਬ ਮੁੜ ਆਕੇ ਫਿਰ ਦੱਖਣ ਵੱਲ ਜਾਵੇਗਾ। ਸੋ ਕਈ ਲੇਖਕਾਂ ਦਾ ਵਿਸ਼ਵਾਸ਼ ਹੈ ਕਿ ਗੁਰੂ ਜੀ ਪੁਰੀ ਤੋਂ ਹੀ ਦੱਖਣ ਵੱਲ ਚਲੇ ਗਏ ਸਨ।

## ਗੁਰੂ ਜੀ ਸੰਗਲਾਦੀਪ (ਸ੍ਰੀਲੰਕਾ) :

ਪੁਰੀ ਤੋਂ ਗੁਰੂ ਜੀ ਅਜੋਕੇ ਆਂਧਰਾ ਪ੍ਰਦੇਸ਼ ਦੇ ਕਾਂਸੀਪੁਰਮ ਜ਼ਿਲੇ ਦੇ ਗੰਤੂਰਸ਼ਹਿਰ ਅਤੇ ਉਥੋਂ ਤਿਰੂਵਨਾਮਲਾਈ ਅਤੇ ਤਿਰੁੱਚੀਰੂਪਾਲੀ ਗਏ। ਗੁਰੂ ਜੀ ਦੀ ਆਮਦ ਦੀ ਯਾਦ ਵਿੱਚ ਇਹਨਾਂ ਸਾਰੀਆਂ ਥਾਵਾਂ ਤੇ ਗੁਰਦਵਾਰੇ ਬਣੇ ਹੋਏ ਹਨ। ਤਿਰੁੱਚੀਰੂਪਾਲੀ ਤੋਂ ਗੁਰੂ ਜੀ ਬੇੜੀ ਵਿੱਚ ਕਾਵੇਰੀ ਦਰਿਆ ਵੱਲ ਜਾ ਕੇ ਨਾਗਾਪਟਨਮ ਪੁੱਜੇ ਜੋ ਦੱਖਣੀ ਭਾਰਤ ਦੀ ਬੜੀ ਪੁਰਾਣੀ ਬੰਦਰਗਾਹ ਹੈ। ਉਥੋਂ ਗੁਰੂ ਜੀ ਸੰਗਲਾਦੀਪ (ਸ੍ਰੀ ਲੰਕਾ) ਵੱਲ ਚਲ ਪਏ ਅਤੇ ਇਸ ਟਾਪੂ ਵਿੱਚ ਬੇਟੀਕੋਲਾ ਸਭ ਤੋਂ ਪਹਿਲਾ ਸਥਾਨ ਹੈ ਜਿਥੇ ਗੁਰੂ ਜੀ ਠਹਿਰੇ। ਉਥੋਂ ਉਹ ਮਟੀਆਕਲਮ (ਹੁਣ ਜਿਸਦਾ ਨਾਮ ਮਟਾਲਾਈ ਹੈ) ਗਏ ਜੋ ਰਾਜਾ ਸ਼ਿਵਨਾਭ ਹੇਠ ਸੰਗਲਾਦੀਪ ਦੀ ਰਾਜਧਾਨੀ ਸੀ।

ਭਾਈ ਮਨਸੁਖ, ਜੋ ਇੱਕ ਵਪਾਰੀ ਅਤੇ ਗੁਰੂ ਜੀ ਦਾ ਸਿੱਖ ਸੀ, ਗੁਰੂ ਜੀ ਦੀ ਸੰਗਲਾਦੀਪ ਯਾਤ੍ਰਾ ਤੋਂ ਬਹੁਤ ਸਮਾਂ ਪਹਿਲਾਂ ਆਪਣੇ ਵਪਾਰ ਦੇ ਸਬੰਧ ਵਿੱਚ ਇਥੇ ਆਇਆ ਸੀ। ਆਪਣੇ ਵਪਾਰ ਦੇ ਸਬੱਬ ਭਾਈ ਮਨਸੁਖ ਰਾਜਾ ਸ਼ਿਵਨਾਭ ਨੂੰ ਮਿਲਦਾ ਸੀ ਅਤੇ ਇਸ ਤਰ੍ਹਾਂ ਉਸਨੇ ਰਾਜੇ ਨੂੰ ਗੁਰੂ ਨਾਨਕ ਜੀ ਬਾਰੇ ਦੱਸਿਆ ਹੋਇਆ ਸੀ। ਰਾਜੇ ਨੇ ਪੁਛਿਆ ਸੀ ਕਿ ਉਹ ਗੁਰੂ ਜੀ ਦੇ ਦਰਸ਼ਨ ਕਿਸਤਰ੍ਹਾਂ ਕਰ ਸਕਦਾ ਸੀ। ਮਨਸੁਖ ਨੇ ਦੱਸਿਆ ਸੀ: "ਸਵੇਰੇ ਸਵਖਤੇ ਉਠਕੇ ਮੂਲਮੰਤਰ ਦਾ ਪਾਠ ਕਰਿਆ ਕਰੋ। ਜੇ ਤੁਸੀਂ ਸੱਚੇ ਦਿਲੋਂ ਅਰਦਾਸ ਕਰੋਗੇ ਤਾਂ ਗੁਰੂ ਜੀ ਜ਼ਰੂਰ ਤੁਹਾਡੀਆਂ ਪ੍ਰਾਰਥਨਾਵਾਂ ਦਾ ਉਤ੍ਰ ਦੇਣਗੇ।"

ਹਰ ਰੋਜ਼ ਸਵੇਰੇ ਰਾਜਾ ਸ਼ਿਵਨਾਭ ਪਾਠ ਕਰਦਾ ਅਤੇ ਗੁਰੂ ਜੀ ਦੇ ਪਵਿਤਰ ਦਰਸ਼ਨ ਲਈ ਅਰਦਾਸ ਕਰਦਾ ਸੀ। ਸਮਾਂ ਲੰਘਦਾ ਗਿਆ ਪਰ ਗੁਰੂ ਜੀ ਦੇ ਦਰਸ਼ਨ ਨ ਹੋਏ। ਕਈ ਬੰਦੇ ਆਏ ਅਤੇ ਆਪਣੇ ਆਪ ਨੂੰ ਗੁਰੂ ਦੱਸਿਆ ਪਰ ਸਾਰੇ ਹੀ ਭੇਖੀ ਦਾਹਵੇਦਾਰ ਨਿਕਲਦੇ। ਇੱਕ ਦਿਨ ਰਾਜੇ ਨੂੰ ਖਬਰ ਮਿਲੀ ਕਿ ਇੱਕ ਮਹਾਤਮਾ ਪੁਰਸ਼, ਜਿਨ੍ਹਾਂ ਦੇ ਚਿਹਰੇ ਤੋਂ ਇੱਕ ਅਨੂਪਮ ਜਲਾਲ ਡਲ੍ਹਕ ਰਿਹਾ ਹੈ, ਆਏ ਹੋਏ ਹਨ ਅਤੇ ਪੁਰਾਣੇ ਅਣਗੌਲੇ ਬਾਗ ਵਿੱਚ ਠਹਿਰੇ ਹੋਏ ਹਨ ਅਤੇ ਜਿਉਂ ਹੀ ਉਨ੍ਹਾਂ ਦੇ ਕਦਮ ਬਾਗ ਵਿੱਚ ਪਏ ਉਥੇ ਸੁੱਕੇ ਪਏ ਬਿਰਛ ਹਰੇ ਭਰੇ ਹੋ ਗਏ ਹਨ।

ਪਿਛਲੇ ਭੇਖੀ ਦਾਹਵੇਦਾਰਾਂ ਦੇ ਕਾਰਨ ਰਾਜੇ ਨੇ ਇੱਕ ਵਿਧੀ ਆਏ ਪੁਰਸ਼ਾਂ ਦੀ ਪਰਖ ਕਰਨ ਲਈ ਬਣਾਈ ਅਤੇ ਤਦ ਹੀ ਉਹ ਕਿਸੇ ਅੱਗੇ ਸਿਰ ਨਿਵਾਏਗਾ। ਸੋ ਰਾਜੇ ਨੇ ਨਵੇਂ ਆਏ ਮਹਾਂਪੁਰਸ਼ ਵੱਲ ਸੁੰਦਰ ਲੜਕੀਆਂ ਭੇਜੀਆਂ ਜੋ ਆਪਣੀ ਸੁੰਦਰਤਾ ਦੀ ਖਿਚ ਨਾਲ ਉਸਨੂੰ ਭਟਕਾ ਸਕਣ। ਰਾਜੇ ਨੂੰ ਖਬਰ ਦਿਤੀ ਗਈ ਕਿ ਉਹ ਕੁੜੀਆਂ ਨਵੇਂ ਆਏ ਮਹਾਂਪੁਰਸ਼ ਨੂੰ ਭਟਕਾਉਣ ਲਈ ਸਫਲ ਨਹੀਂ ਹੋਈਆਂ ਸਗੋਂ ਉਸ ਮਹਾਂਪੁਰਸ਼ ਦੇ ਪ੍ਰਭਾਵ ਨਾਲ ਆਪ ਹੀ ਬਦਲ ਗਈਆਂ ਹਨ। ਇਹ ਸੁਣਕੇ ਰਾਜਾ ਛੇਤੀ ਛੇਤੀ ਪਵਿਤ੍ਰ ਮਹਾਪੁਰਸ਼ ਦੇ ਦਰਸ਼ਨ ਕਰਨ ਆਇਆ। ਵੇਖਦਿਆਂ ਹੀ ਉਹ ਆਪਣੇ ਆਪ ਹੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਗੁਰੂ ਜੀ ਨੇ ਉਸਦੇ ਸਿਰ ਤੇ ਹੱਥ ਫੇਰਿਆ ਅਤੇ ਉਸਤੇ ਬਖਸ਼ਿਸ਼ ਕੀਤੀ। ਰਾਜੇ ਦੀ ਵਿਸਮਾਦ ਭਰੀ ਪ੍ਰਸੰਨਤਾ ਜੋ ਉਸ ਤੇ ਛਾ ਗਈ ਕੋਈ ਨਹੀਂ ਦਸ ਸਕਦਾ।

ਸਾਰੇ ਸ਼ਹਿਰਵਾਸੀ ਗੁਰੂ ਜੀ ਦੇ ਦਰਸ਼ਨਾਂ ਲਈ ਦੌੜੇ ਆਏ। ਜਿਸ ਥਾਂ ਤੇ ਗੁਰੂ ਜੀ ਹਰ ਰੋਜ਼ ਸੰਗਤ ਲਾਉਂਦੇ ਅਤੇ ਆਪਣੇ ਇਲਾਹੀ ਸੰਦੇਸ਼ ਦਾ ਪ੍ਰਚਾਰ ਕਰਦੇ ਸਨ ਉਥੇ ਇੱਕ ਧਰਮਸਾਲਾ ਉਸਾਰੀ ਗਈ। ਅਕਾਲਪੁਰਖ ਦੇ ਨਾਮ ਸਿਮਰਨ ਨਾਲ ਲੋਕਾਂ ਨੂੰ ਗਿਆਨ ਹੋ ਗਿਆ ਅਤੇ ਉਹ ਗੁਰੂ ਜੀ ਦੇ ਸਿੱਖ ਬਣੇ।

## ਸੰਗਲਾਦੀਪ ਤੋਂ ਵਾਪਸੀ :

ਉਸ ਸਮੇਂ ਦੱਖਣੀ ਭਾਰਤ ਵਿੱਚ ਸ਼ਿਵ ਦੀ ਮੂਰਤੀ ਦੀ ਪੂਜਾ ਬੜੀ ਪ੍ਰਚਲਤ ਸੀ। ਸ਼ਿਵਲਿੰਗ ਦੇ ੧੨ ਮੰਦਰ ਸਨ ਜਿਨ੍ਹਾਂ ਵਿੱਚੋਂ ਛੇ ਦੱਖਣ ਵਿੱਚ ਸਨ। ਦੱਖਣੀ ਭਾਰਤ ਜਾਤ ਪਾਤ ਦੀ ਰੀਤ ਨਾਲ ਵੀ ਦਬਿਆ ਹੋਇਆ ਸੀ। ਗੁਰੂ ਨਾਨਕ ਜੀ ਨੂੰ ਇਹਨਾਂ ਸਾਰੀਆਂ ਥਾਵਾਂ ਤੇ ਜਾਣਾ ਪਿਆ, ਲੋਕਾਂ ਨੂੰ ਸਦੀਵੀ ਸੱਚ, ਅਰਥਾਤ ਇੱਕ ਨਿਰੰਕਾਰ ਅਕਾਲਪੁਰਖ, ਦੀ ਪੂਜਾ ਦਾ ਰਾਹ ਦੱਸਣ ਲਈ। ਇਹ ਮੂਰਤੀਆਂ ਦੀ ਪੂਜਾ ਨਾਲੋਂ ਚੰਗਾ ਅਤੇ ਲਾਭਵੰਦ ਰਾਹ ਸੀ।

ਸੰਗਲਾਦੀਪ ਕੁਝ ਸਮਾਂ (ਸ਼ਾਇਦ ਇੱਕ ਵਰ੍ਹਾ) ਠਹਿਰਣ ਪਿਛੋਂ ਗੁਰੂ ਜੀ ਵਾਪਸ ਆਉਂਦਿਆਂ ਕੋਚੀਨ ਪੁਜੇ। ਏਥੇ ਗੁਰੂ ਜੀ ਦੀ ਯਾਦ ਵਿੱਚ ਇੱਕ ਗੁਰਦਵਾਰਾ ਹੈ। ਗੁਰੂ ਜੀ ਇਲਾਹੀ ਸਿਧਾਂਤ ਦਰਸਾਉਂਦੇ ਪਾਲਘਾਟ, ਨੀਲਗਿਰੀ ਪਹਾੜੀਆਂ, ਰੰਗਾਪਟਨ, ਵਿੱਚੋਂ ਲੰਘਕੇ ਪੰਧਾਰਪੁਰ ਪੁੱਜੇ। ਸੰਤ ਨਾਮਦੇਵ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ, ਆਪਣੇ ਜੀਵਨ ਦਾ ਬਹੁਤ ਸਾਰਾ ਸਮਾਂ ਇਥੇ ਰਹੇ। ਇਥੋਂ ਚੱਲਕੇ ਗੁਰੂ ਜੀ ਬਰਸੀ ਪੁੱਜੇ ਜੋ ਭਗਤ ਤ੍ਰਿਲੋਚਨ ਜੀ ਦਾ ਜਨਮ ਅਸਥਾਨ ਹੈ, ਜਿਨ੍ਹਾਂ ਦੇ ਦੋ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਉਥੋਂ ਚਲਕੇ ਗੁਰੂ ਜੀ ਪੂਨਾ, ਅਮਰਨਾਥ, ਨਾਸਿਕ, ਔਰੰਗਾਬਾਦ ਵਿੱਚੋਂ ਹੁੰਦੇ ਹੋਏ ਅਮਰੇਸ਼ਵਰ ਪੁੱਜੇ ਜਿਥੇ ਓਅੰਕਾਰ ਮੰਦਰ ਨਾਮੀ ਪ੍ਰਸਿਧ ਮੰਦਰ ਹੈ। ਏਥੇ ਸ਼ਿਵਲਿੰਗ ਦੀ ਪੂਜਾ ਪ੍ਰਭੂ ਦੀ ਪੂਜਾ ਸਮਝੀ ਜਾਂਦੀ ਸੀ। ਲੋਕ ਸੰਸਕ੍ਰਿਤ ਨੂੰ ਦੇਵਤਿਆਂ ਦੀ ਭਾਸ਼ਾ ਸਮਝਦੇ ਸਨ ਅਤੇ ਸੰਸਕ੍ਰਿਤ ਸਿੱਖਣਾ ਪਵਿਤਰ ਕਾਰਜ ਸਮਝਿਆ ਜਾਂਦਾ ਸੀ।

ਗੁਰੂ ਜੀ ਨੇ ਮੂਰਤੀ ਪੂਜਾ ਦੇ ਵਿਰੁਧ ਉਪਦੇਸ਼ ਦਿੱਤਾ ਅਤੇ ਕੇਵਲ ਇੱਕ ਅਕਾਲਪੁਰਖ ਨਿਰਾਕਾਰ ਦੀ ਪੂਜਾ ਵਾਸਤੇ ਜੋਰ ਦਿਤਾ। ਗੁਰੂ ਜੀ ਨੇ ਓਅੰਕਾਰ ਮੰਦਰ ਵਿੱਚ ਜੋ ਉਪਦੇਸ਼ ਦਿੱਤਾ ਉਹ ਗੁਰੂ ਗ੍ਰੰਥ ਸਾਹਿਬ ਵਿੱਚ ਰਾਮਕਲੀ ਰਾਗ ਹੇਠ 'ਦਖਣੀ ਓਅੰਕਾਰ' ਸਿਰਲੇਖ ਵਜੋਂ ਪੰਨਾ ੯੨੯ ਤੇ ਦਰਜ ਹੈ।

ਫਿਰ ਗੁਰੂ ਜੀ ਇੰਦੌਰ, ਉਜੈਨ, ਬੜੋਦਾ ਹੁੰਦੇ ਹੋਏ ਪਾਲੀਤਨਾ ਪੁੱਜੇ ਜਿਥੇ ਇੱਕ ਪ੍ਰਸਿਧ ਜੈਨ ਮੰਦਰ ਸੀ। ਜੈਨੀ ਸਾਧੂ ਕਈ ਕਈ ਦਿਨ ਨਹਾਉਂਦੇ ਨਹੀਂ ਸਨ, ਇਹ ਸੋਚਕੇ ਕਿ ਨਹਾਉਣ ਨਾਲ ਪਾਣੀ ਵਿੱਚਲੇ ਕੁਝ ਜੀਵ ਮਰ ਜਾਂਦੇ ਹਨ। ਇਥੇ ਗੁਰੂ ਜੀ ਨੇ ਅੰਭੀ ਨਾਮੀ ਇੱਕ ਜੈਨੀ ਸਾਧੂ ਨਾਲ ਵਿੱਚਾਰ ਵਟਾਂਦਰਾ ਕੀਤਾ। ਉਨ੍ਹਾਂ ਸਾਧੂ ਨੂੰ ਸਮਝਾਇਆ ਕਿ ਪਾਣੀ ਤੋਂ ਦੂਰ ਰਹਿਣਾ ਕੋਈ ਧਾਰਮਕ ਲਾਭ ਨਹੀਂ ਹੋਵੇਗਾ, ਸਗੋਂ ਅਕਾਲਪੁਰਖ ਦੀ ਪੂਜਾ ਲਈ ਇੱਕੋ ਇੱਕ ਰਾਹ ਹੈ।

ਗੁਰੂ ਜੀ ਉਸ ਇਲਾਕੇ ਵਿੱਚ ਸਥਿਤ ਸਾਰੇ ਪ੍ਰਸਿੱਧ ਹਿੰਦੂ ਤੀਰਥਾਂ ਵਿੱਚ ਗਏ ਅਤੇ ਇੱਕੋ ਇੱਕ ਅਕਾਲਪੁਰਖ ਦੀ ਅਰਾਧਨਾ ਅਤੇ ਉਸ ਤੋਂ ਸਿਵਾ ਕਿਸੇ ਹੋਰ ਨੂੰ ਨਹੀਂ ਮੰਨਣ ਦਾ ਸੰਦੇਸ਼ ਦਿਤਾ। ਗੁਰੂ ਜੀ ਸੋਮਨਾਥ, ਸੁਧਾਨਾ, ਪੁਰੀ ਅਤੇ ਦਵਾਰਕਾ ਗਏ। ਕਾਠੀਆਵਾੜ ਤੋਂ ਕੱਛ ਅਤੇ ਚਿਤੌੜ ਰਾਹੀਂ ਉਹ ਅਜਮੇਰ ਪੁੱਜੇ। ਉਥੇ ਇੱਕ ਪ੍ਰਸਿਧ ਮੁਸਲਮਾਨ ਸੰਤ, ਖਵਾਜਾ ਮੈ-ਉ-ਦੀਨ ਚਿਸ਼ਤੀ ਰਹਿੰਦਾ ਸੀ ਜਿਸ ਨੇ ਅਜਮੇਰ ਵਿੱਚ ੭੦ ਕੁ ਵਰ੍ਹੇ ਇਸਲਾਮ ਦਾ ਪ੍ਰਚਾਰ ਕੀਤਾ। ਜਦ ਗੁਰੂ ਜੀ ਉਥੇ ਪੁੱਜੇ ਤਾਂ ਇਹ ਖਵਾਜਾ ਦੀ ਯਾਦ ਮਨਾਉਣ ਦਾ ਦਿਨ ਸੀ ਅਤੇ ਮੁਸਲਮਾਨ ਇੱਕੱਠੇ ਹੋਏ ਹੋਏ ਸਨ। ਗੁਰੂ ਜੀ ਨੇ ਮੁਸਲਮਾਨਾਂ ਨੂੰ ਮਕਬਰਿਆਂ ਦੀ ਪੂਜਾ ਤੋਂ ਮਨ੍ਹਾਂ ਕੀਤਾ ਅਤੇ ਕੇਵਲ ਇੱਕ ਅਕਾਲਪੁਰਖ ਦੀ ਪੂਜਾ ਕਰਨ ਦਾ ਉਪਦੇਸ਼ ਦਿਤਾ।

ਉਸਤੋਂ ਪਿਛੋਂ ਗੁਰੂ ਜੀ ਦਿੱਲੀ ਆਏ ਅਤੇ ਮਜਨੂੰ ਦਾ ਟਿੱਲਾ ਤੇ ਠਹਿਰੇ। ਏਥੇ ਜਮਨਾ ਦਰਿਆ ਕੰਢੇ ਇੱਕ ਗੁਰਦਵਾਰਾ ਸਥਿਤ ਹੈ। ਹਰ ਸਾਲ ਅਪ੍ਰੈਲ ਵਿੱਚ ਇਸ ਅਸਥਾਨ ਤੇ ਵੈਸਾਖੀ ਦਾ ਗੁਰਪੁਰਬ ਮਨਾਇਆ ਜਾਂਦਾ ਹੈ। ਇਥੋਂ ਗੁਰੂ ਜੀ ਪਾਨੀਪਤ ਗਏ ਜਿਥੇ ਉਹ ਇੱਕ ਮੁਸਲਮਾਨ ਮਹਾਤਮਾ ਸ਼ੇਖ ਸ਼ਰਫ ਜਾਂ ਤਾਹਰ ਨੂੰ ਮਿਲੇ ਅਤੇ ਉਸ ਨੂੰ ਸੰਤਾਂ ਫਕੀਰਾਂ ਦੀਆਂ ਕਬਰਾਂ ਤੇ ਪੂਜਾ ਕਰਨ ਦੀ ਥਾਂ ਕੇਵਲ ਪਰੀ ਪੂਰਨ ਅਕਾਲ ਪੁਰਖ ਦੀ ਪੂਜਾ ਕਰਨ ਵਾਸਤੇ ਜੋਰ ਦਿਤਾ।

ਪੇਹਵਾ ਵਿੱਚੋਂ ਹੁੰਦੇ ਹੋਏ ਗੁਰੂ ਜੀ ਕੁਰਸ਼ੇਤਰ [੧੬] ਪੁੱਜੇ ਜਿਥੇ ਮਹਾਂਭਾਰਤ ਦੀ ਕੌਰਵਾਂ ਅਤੇ ਪਾਂਡਵਾਂ ਵਿੱਚਕਾਰ ਪ੍ਰਸਿਧ ਲੜਾਈ ਹੋਈ ਸੀ। ਜਦ ਗੁਰੂ ਜੀ ਕੁਰਸ਼ੇਤਰ ਆਏ ਉਹ ਸੂਰਜ ਗ੍ਰਹਿਣ ਦਾ ਦਿਨ ਸੀ। ਹਜ਼ਾਰਾਂ ਲੋਕ, ਜਿਨ੍ਹਾਂ ਵਿੱਚ ਬਹੁਤ ਸਾਰੇ ਬ੍ਰਾਹਮਣ ਅਤੇ ਮਹਾਤਮਾ ਪੁਰਸ਼ ਸਨ, ਉਥੇ ਇੱਕੱਠੇ ਹੋਏ। ਹਿੰਦੂ ਸੂਰਜ ਗ੍ਰਹਿਣ ਸਮੇਂ ਕੁਰਸ਼ੇਤਰ ਜਾਣ, ਉਥੇ ਪਵਿਤ੍ਰ ਸਰੋਵਰ ਵਿੱਚ ਨਹਾਉਣ ਅਤੇ ਬ੍ਰਾਹਮਣ ਪੂਜਾਰੀਆਂ ਨੂੰ ਦਾਨ ਦੇਣ ਨੂੰ ਪੁੰਨ ਸਮਝਦੇ

ਹਨ। ਹਿੰਦੂਆਂ ਦੇ ਵਿਸ਼ਵਾਸ਼ ਅਨੁਸਾਰ, ਸੂਰਜ ਨੂੰ ਗ੍ਰਹਿਣ ਲਗਦਾ ਹੈ ਜਦ ਸੂਰਜ ਦੇਵਤਾ ਨੂੰ ਉਸਦੇ ਵੈਰੀ ਕਸ਼ਟ ਦਿੰਦੇ ਹਨ। ਗ੍ਰਹਿਣ ਦੇ ਸਮੇਂ ਕੋਈ ਵੀ ਕੁਝ ਨਹੀਂ ਖਾਂਦਾ।

ਗੁਰੂ ਜੀ ਨੇ ਉਥੇ ਭੁੱਲੇ ਹਿੰਦੂਆਂ ਨੂੰ ਸਮਝਾਇਆ ਕਿ ਗ੍ਰਹਿਣ ਕੁਦਰਤ ਦਾ ਇੱਕ ਕਰਮ ਹੀ ਹੈ ਹੋਰ ਕੁਝ ਨਹੀਂ। ਗੁਰੂ ਜੀ ਸਰੋਵਰ ਕੰਢੇ ਨੇੜੇ ਬੈਠ ਗਏ ਅਤੇ ਜਦ ਸੂਰਜ ਨੂੰ ਗ੍ਰਹਿਣ ਲੱਗ ਗਿਆ ਤਾਂ ਗੁਰੂ ਜੀ ਨੇ ਇੱਕ ਹਰਨ, (ਜੋ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਅਨੁਸਾਰ)ਕੰਵਰ ਰਾਇ ਸਿੰਘ ਸ਼ਿਕਾਰ ਕਰਕੇ ਲਿਆਇਆ ਗੁਰੂ ਜੀ ਦੀ ਭੇਟਾ ਕਰ ਗਿਆ ਸੀ, ਦਾ ਮਾਸ ਪਕਾਉਣਾ ਸ਼ੁਰੂ ਕਰ ਦਿਤਾ। ਲੋਕਾਂ ਦਾ ਬਹੁਤ ਵਡਾ ਝੁੰਡ ਗੁਰੂ ਜੀ ਦੇ ਦੁਆਲੇ ਆ ਇੱਕੱਠਾ ਹੋਇਆ ਕਿਉਂਕਿ ਮਾਸ ਪਕਾਉਣਾ ਹਿੰਦੂਆਂ ਲਈ ਇੱਕ ਪਾਪ ਸੀ। ਨਾਨੂ ਨਾਮੀ ਬ੍ਰਾਹਮਣ ਦੇ ਪਿਛੇ ਲਗਕੇ ਬ੍ਰਾਹਮਣ ਗੁਰੂ ਜੀ ਨੂੰ ਘੇਰਕੇ ਡੰਡੇ ਮਾਰ ਕੇ ਉਨ੍ਹਾਂ ਨੂੰ ਖਤਮ ਕਰਨ ਲਈ ਤਿਆਰ ਸਨ। ਗੁਰੂ ਜੀ ਉਠ ਖੜੇ ਹੋਏ ਅਤੇ ਬਚਨ ਕਰਨ ਲਗੇ। ਗੁਰੂ ਜੀ ਦੇ ਬਚਨਾਂ ਨੇ ਜਾਦੂ ਦਾ ਕੰਮ ਕੀਤਾ ਅਤੇ ਸਾਰਾ ਝੁੰਡ ਠਠੰਬਰ ਕੇ ਖੜੋ ਰਿਹਾ। ਗੁਰੂ ਜੀ ਨੇ ਉਸ ਸਮੇਂ ਇਹ ਦੋ ਸ਼ਬਦ ਉਚਾਰਣ ਕੀਤੇ:

'ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ।
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ।
ਮਾਸਹੁ ਬਾਹਿਰ ਕਢਿਆ ਮੰਮਾ ਮਾਸ ਗਿਰਾਸੁ।
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ।
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ।
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ।
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ।
ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਨਾਸੁ।੧।'

(ਵਾਰ ਮਲਾਰ ਕੀ, ਸਲੋਕ ਮਹਲਾ੧, ੨੫-੧,ਪੰ: ੧੨੮੯)

ਫਿਰ ਦੂਜਾ ਸ਼ਬਦ:

''ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ।
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ।
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ।
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ।
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ।
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ।
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ।
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ।
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ।
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ।
ਗਿਆਨੁ ਧਿਆਨੁ ਕਛੁ ਸੁਝੇ ਨਾਹੀ ਚਤੁਰੁ ਕਹਾਵੈ ਪਾਂਡੇ।
ਬਾਹਰ ਕਾ ਮਾਸੁ [੧੮] ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ।
ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ।
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ।
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ।
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ।
ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ।
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ।
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ।
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ ਕਾ ਦਾਨੁ ਨ ਲੈਣਾ।
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ।
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ।
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ।
ਤੋਇਅਹੁ ਅੰਨੁ ਕਮਾਦੁ [੧੯] ਕਪਾਹਾਂ ਹੋਇਅਹੁ ਤ੍ਰਿਭਵਣ ਗੰਨਾ।
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤ ਬਿਕਾਰਾ।

ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕ ਕਹੈ ਵਿੱਚਾਰਾ।੨।"

(ਵਾਰ ਮਲਾਰ ਕੀ, ਮਹੱਲਾ੧, ੨੫-੨, ਪੰਨਾ ੧੨੮੯)

## ਗੁਰੂ ਜੀ ਸਰਸਾ ਤੇ :

ਕੁਰਸ਼ੇਤਰ ਤੋਂ ਚੱਲਕੇ ਗੁਰੂ ਜੀ ਜੀਂਦ ਵਿੱਚੋਂ ਲੰਘੇ ਜਿਥੇ ਉਨ੍ਹਾਂ ਦੀ ਯਾਦ ਵਿੱਚ ਗੁਰਦਵਾਰਾ ਹੈ ਅਤੇ ਫਿਰ ਸਰਸਾ ਪੁੱਜੇ ਇਥੇ ਉਹ ਇੱਕ ਮੁਸਲਮਾਨ ਪੀਰ ਨੂੰ ਮਿਲੇ। ਇਸ ਪੀਰ ਦਾ ਆਪਣੇ ਸ਼ਰਧਾਲੂਆਂ ਉਤੇ ਬੜਾ ਪ੍ਰਭਾਵ ਸੀ ਅਤੇ ਇਸਨੇ ਉਹਨਾਂ ਨੂੰ ਸਵਰਗ ਵਿੱਚ ਥਾਂ ਲੈ ਦੇਣ ਦੀ ਗਰੰਟੀ ਕੀਤੀ ਹੋਈ ਸੀ। ਇਸ ਗਰੰਟੀ ਦੇ ਕਾਰਨ ਪੀਰ ਨੂੰ ਉਸਦੇ ਸ਼ਰਧਾਲੂ ਵੱਡੀਆਂ ਰਕਮਾਂ ਨਕਦ ਅਤੇ ਹੋਰ ਵਸਤਾਂ ਭੇਟਾ ਕਰਦੇ ਸਨ। ਗੁਰੂ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਮੁਕਤ ਹੋਣ ਵਾਸਤੇ ਉਹ ਇੱਕ ਅਕਾਲ ਪੁਰਖ ਦੀ ਪੂਜਾ ਕਰਨ, ਕੇਵਲ ਝੜਾਵੇ (ਜੋ ਉਹ ਪੀਰ ਨੂੰ ਦਿੰਦੇ ਸਨ) ਉਹਨਾਂ ਨੂੰ ਕੋਈ ਲਾਭ ਨਹੀਂ ਪੁਚਾਉਣਗੇ।

## ਸੁਲਤਾਨਪੁਰ ਨੂੰ :

ਸੁਲਤਾਨ ਸਰਸਾ ਤੋਂ ੧੩੫ ਕੁ ਮੀਲ ਉਤਰ ਪੂਰਬ ਵੱਲ ਸੀ ਅਤੇ ਗੁਰੂ ਜੀ ਅੱਠ ਵਰ੍ਹੇ ਛੇ ਹਜ਼ਾਰ ਮੀਲਾਂ ਤੋਂ ਵੱਧ ਪੈਦਲ ਸਫਰ ਕਰਕੇ ਸੁਲਤਾਨਪੁਰ ਪੁੱਜੇ। ਉਨ੍ਹਾਂ ਦੀ ਵੱਡੀ ਭੈਣ ਬੀਬੀ ਨਾਨਕੀ ਜੀ ਅਤੇ ਉਸਦੇ ਪਤੀ ਅਤੇ ਹੋਰ ਜਾਣਕਾਰ ਗੁਰੂ ਜੀ ਨੂੰ ਵਾਪਸ ਆਇਆ ਦੇਖ ਬੇਹੱਦ ਖੁਸ਼ ਹੋਏ।

## ਘਰ ਆਉਣਾ :

ਕੁਝ ਸਮਾਂ ਸੁਲਤਾਨਪੁਰ ਰਹਿਕੇ ਗੁਰੂ ਜੀ ਤਲਵੰਡੀ ਵੱਲ ਚਲ ਪਏ। ਉਨ੍ਹਾਂ ਦੇ ਪਿਤਾ ਜੀ ਦੀ ਉਮਰ ਹੁਣ ੭੫ ਕੁ ਵਰ੍ਹੇ ਹੋ ਗਈ ਸੀ। ਉਨ੍ਹਾਂ ਦਿਨਾਂ ਵਿੱਚ ਕੋਈ ਡਾਕ ਸੇਵਾ ਤਾਂ ਹੈ ਨਹੀਂ ਸੀ। ਬਿਰਧ ਮਾਤਾ ਪਿਤਾ ਗੁਰੂ ਜੀ ਦੀ ਵਾਪਸੀ ਦੀ ਉਡੀਕ ਕਰ ਰਹੇ ਸਨ। ਆਖਰ ਉਹਨਾਂ ਦਾ ਸਪੁਤ੍ਰ ਘਰ ਆਇਆ ਅਤੇ ਉਹਨਾਂ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ। ਦੂਰੋਂ ਨੇੜਿਓਂ ਲੋਕ ਗੁਰੂ ਜੀ ਦੇ ਪਵਿਤ੍ਰ ਦਰਸ਼ਨ ਕਰਨ ਆਏ। ਲੋਕਾਂ ਨੇ ਗੁਰੂ ਜੀ ਦੀ ਸੰਗਤ ਮੁੜ ਮਿਲ ਜਾਣ ਦੀਆਂ ਖੁਸ਼ੀਆਂ ਮਨਾਉਣੀਆਂ ਸ਼ੁਰੂ ਕਰ ਦਿਤੀਆਂ। ਉਸ ਸਮੇਂ ਗੁਰੂ ਜੀ ਦੇ ਮਹਿਲ ਅਤੇ ਬੱਚੇ ਗੁਰੂ ਜੀ ਦੇ ਸਹੁਰੇ ਘਰ ਪੱਖੋਕੀ ਸਨ ਜੋ ਲਾਹੌਰ ਵੱਲ ੧੧੦ ਕੁ ਮੀਲ ਦੂਰ ਸੀ। ਸੋ ਗੁਰੂ ਜੀ ਉਹਨਾਂ ਨੂੰ ਮਿਲਣ ਲਈ ਚੱਲ ਪਏ।

ਪੱਖੋਕੀ ਪਿੰਡ ਦਾ ਚੌਧਰੀ ਅਜਿਤਾ ਸੀ। ਉਸ ਨੇ ਗੁਰੂ ਜੀ ਬਾਰੇ ਸੁਣਿਆ ਹੋਇਆ ਸੀ ਪਰ ਉਹਨਾਂ ਨੂੰ ਪਹਿਲਾਂ ਕਦੇ ਮਿਲਿਆ ਨਹੀਂ ਸੀ। ਉਹ ਹੁਣ ਗੁਰੂ ਜੀ ਦੇ ਪਵਿਤਰ ਦਰਸ਼ਨ ਕਰਕੇ ਐਨਾ ਪ੍ਰਭਾਵਤ ਹੋਇਆ ਕਿ ਇੱਕ ਦਮ ਗੁਰੂ ਜੀ ਦਾ ਸਿੱਖ ਬਣ ਗਿਆ।

## ਕਰਤਾਰਪੁਰ ਦੀ ਨੀਂਹ :

ਕਈ ਲਿਖਾਰੀਆਂ ਦਾ ਵਿੱਚਾਰ ਹੈ ਕਿ ਗੁਰੂ ਜੀ ਨੇ ਕਰਤਾਰਪੁਰ ਨਗਰ ਆਪਣੀ ਤੀਜੀ ਉਦਾਸੀ ਤੋਂ ਪਿਛੋਂ ਵਸਾਇਆ ਸੀ। ਦੂਜਿਆਂ ਦਾ ਵਿਸ਼ਵਾਸ਼ ਹੈ ਕਿ ਗੁਰੂ ਜੀ ਨੇ ਆਪਣੀ ਪਹਿਲੀ ਉਦਾਸੀ ਤੋਂ ਸੰਨ ੧੫੧੫ ਵਿੱਚ ਆਉਂਦਿਆਂ ਹੀ ਕਰਤਾਰਪੁਰ ਦੀ ਵਸੋਂ ੧੫੧੬ ਵਿੱਚ ਅਰੰਭ ਕਰਵਾ ਦਿਤੀ ਸੀ। ਗੁਰੂ ਜੀ ਭਾਵੇਂ ਜਿਥੇ ਜਿਥੇ ਵੀ ਗਏ ਉਥੇ ਧਰਮ ਪ੍ਰਚਾਰ ਦੇ ਕੇਂਦਰ ਥਾਪਦੇ ਗਏ। ਤਦ ਵੀ ਉਹ ਚਾਹੁੰਦੇ ਸੀ ਕਿ ਇੱਕ ਕੇਂਦਰੀ ਸਥਾਨ ਕਾਇਮ ਕਰਨਾ ਜਿਥੇ ਉਹ ਆਪਣੇ ਮਿਸ਼ਨ ਦੇ ਜਤਨਾਂ ਅਤੇ ਕਾਰਜਾਂ ਦਾ ਅਨੁਸਰਨ ਕਰ ਸਕਣ। ਸੋ ਉਨ੍ਹਾਂ ਨੇ ਪੱਖੋਕੀ ਦੇ ਨੇੜੇ ਰਾਵੀ ਦਰਿਆ ਦੇ ਕੰਢੇ ਇਹ ਥਾਂ ਚੁਣੀ। ਜਦ ਉਨ੍ਹਾਂ ਨੇ ਚੌਧਰੀ ਅਜਿਤਾ ਨੂੰ ਇਹ ਦੱਸਿਆ ਤਾਂ ਉਹ ਉਸੇ ਦਮ ਗੁਰੂ ਜੀ ਨਾਲ ਸਹਿਮਤ ਹੋ ਗਿਆ। ਚੌਧਰੀ ਅਤੇ ਉਸ ਪਿੰਡ ਦੇ ਬਹੁਤ ਸਾਰੇ ਲੋਕਾਂ ਨੇ ਇਹ ਨਵਾਂ ਨਗਰ ਵਸਾਉਣ ਲਈ ਆਪਣੀਆਂ ਜ਼ਮੀਨਾਂ ਭੇਟਾ ਕੀਤੀਆਂ। ਕਰਤਾਰਪੁਰ ਦੀ ਨੀਂਹ ਉਸੀ ਸਮੇਂ ਅਰੰਭ ਦਿਤੀ। ਗੁਰੂ ਜੀ

ਆਪਣੇ ਮਾਤਾ-ਪਿਤਾ ਨੂੰ ਕਰਤਾਰਪੁਰ ਲੈ ਆਏ ਅਤੇ ਮਰਦਾਨਾ ਵੀ ਆਪਣੇ ਮਾਪਿਆਂ ਨੂੰ। ਸਵੇਰੇ ਅਤੇ ਸ਼ਾਮ ਨੂੰ ਸੰਗਤਾਂ ਦਾ ਜੁੜਨਾ ਵੀ ਅਰੰਭ ਹੋ ਗਿਆ।

## ਦੂਜੀ ਉਦਾਸੀ :

ਕਰਤਾਰਪੁਰ ਦੀ ਵਸੋਂ ਅਰੰਭ ਕਰਕੇ ਗੁਰੂ ਜੀ ਉਤਰ ਵਲ ਆਪਣੀ ਦੂਜੀ ਉਦਾਸੀ ਤੇ ਚੱਲ ਪਏ। ਉਹਨਾਂ ਦਾ ਪਹਿਲਾ ਟਿਕਾਉ ਕਰਤਾਰਪੁਰ ਤੋਂ ੫੦ ਕੁ ਮੀਲ ਪੂਰਬ ਵੱਲ ਸਿਆਲਕੋਟ [੨੦] ਨਗਰ ਵਿੱਚ ਸੀ। ਜਦ ਮੁਸਲਮਾਨ ਹਮਲਾਵਰਾਂ ਨੇ ਭਾਰਤ ਵਿੱਚ ਆਪਣਾ ਰਾਜ ਕਾਇਮ ਕਰ ਲਿਆ ਉਸਤੋਂ ਪਿਛੋਂ ਬਹੁਤ ਸਾਰੇ ਮੁਸਲਮਾਨ ਫਕੀਰ (ਮਹਾਤਮਾ ਅਤੇ ਪ੍ਰਚਾਰਕ) ਵੀ ਉਹਨਾਂ ਨਾਲ ਆ ਗਏ। ਇਹਨਾਂ ਫਕੀਰਾਂ ਨੇ ਇਸਲਾਮ ਦਾ ਪ੍ਰਚਾਰ ਕਰਨ ਵਾਸਤੇ ਵੱਖ ਵੱਖ ਥਾਵਾਂ ਤੇ ਆਪਣੇ ਪ੍ਰਚਾਰ-ਕੇਂਦਰ ਕਾਇਮ ਕਰ ਲਏ। ਉਹਨਾਂ ਦੇ ਪ੍ਰਚਾਰ ਕਾਰਜ ਰਾਹੀਂ ਹਿੰਦੂਆਂ ਦੀ ਬਹੁ ਗਿਣਤੀ ਨੇ ਇਸਲਾਮ ਧਾਰਨ ਕਰ ਲਿਆ। ਇਹਨਾਂ ਫਕੀਰਾਂ ਵਿੱਚੋਂ ਇੱਕ ਹਮਜ਼ਾਗੋਸ਼ ਫਕੀਰ ਨੇ ਆਪਣਾ ਕੇਂਦਰ ਸਿਆਲਕੋਟ ਵਿੱਚ ਬਣਾਇਆ ਹੋਇਆ ਸੀ। ਨਗਰ ਵਿੱਚ ਇੱਕ ਹਿੰਦੂ ਪ੍ਰਵਾਰ ਰਹਿੰਦਾ ਸੀ, ਜਿਸ ਦੀ ਕੋਈ ਔਲਾਦ ਨਹੀਂ ਹੁੰਦੀ ਸੀ। ਇਹ ਸੋਚਕੇ ਕਿ ਇਸ ਪੀਰ ਕੋਲ ਕਰਾਮਾਤਾਂ ਦੀ ਸ਼ਕਤੀ ਹੈ, ਉਸ ਪ੍ਰਵਾਰ ਦੇ ਮੁਖੀ ਨੇ ਪੀਰ ਤੋਂ ਇੱਕ ਪੁਤਰ ਦੀ ਦਾਤ ਮੰਗੀ। ਉਸਨੇ ਬਚਨ ਦਿੱਤਾ ਕਿ ਜੇ ਉਸਦੇ ਘਰ ਪੁਤਰ ਜੰਮਿਆਂ ਤੋਂ ਉਹ ਪੁਤਰ ਪੀਰ ਨੂੰ ਸੌਂਪ ਦੇਵੇਗਾ। ਅਕਾਲ ਪੁਰਖ ਦੀ ਮਿਹਰ ਹੋਈ ਅਤੇ ਪੁਤਰ ਪੈਦਾ ਹੋਇਆ। ਪਰ ਉਸਨੇ ਆਪਣਾ ਬਚਨ ਪੂਰਾ ਨਾ ਕੀਤਾ ਅਤੇ ਪੁਤਰ ਨੂੰ ਪੀਰ ਦੀ ਭੇਟਾ ਨ ਕੀਤਾ। ਇਸ ਤੋਂ ਪੀਰ ਨੂੰ ਬੜਾ ਕ੍ਰੋਧ ਚੜ੍ਹਿਆ ਅਤੇ ਇਹ ਕਹਿਕੇ ਕਿ ਇਸ ਸ਼ਹਿਰ ਵਿੱਚ ਸਾਰੇ ਝੂਠੇ ਲੋਕ ਵਸਦੇ ਹਨ, ਇਸ ਨੂੰ ਬਦਲੇ ਵਜੋਂ ਤਬਾਹ ਕਰਨਾ ਚਾਹਿਆ। ਇਹ ਕਰਨ ਲਈ ਉਸਨੇ ਇੱਕਾਂਤ ਵਿੱਚ ਬੈਠਕੇ ਚਾਲ੍ਹੀ ਦਿਨਾਂ ਦਾ ਵਰਤ ਧਾਰਨ ਕਰ ਲਿਆ। ਲੋਕ ਬਹੁਤ ਡਰ ਗਏ ਪਰ ਪੀਰ ਦੇ ਚੇਲਿਆਂ ਨੇ ਕਿਸੇ ਨੂੰ ਉਸ ਕੋਲ ਨਾ ਆਉਣ ਦਿਤਾ।

ਗੁਰੂ ਜੀ ਉਸ ਥਾਂ ਦੇ ਨੇੜੇ ਬੈਠ ਗਏ ਅਤੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਅਤੇ ਪਵਿਤ੍ਰ ਸ਼ਬਦ ਦਾ ਗਾਇਨ ਅਰੰਭ ਕੀਤਾ। ਇਸ ਨਾਲ ਪੀਰ ਐਨਾ ਕੰਬ ਗਿਆ ਕਿ ਆਪਣਾ ਵਰਤ ਤੋੜਣ ਲਈ ਮਜ਼ਬੂਰ ਹੋ ਗਿਆ। ਜਿਉਂ ਜਿਉਂ ਉਸਨੇ ਸ਼ਬਦ ਰਾਹੀਂ ਅਕਾਲਪੁਰਖ ਦੀ ਵਡਿਆਈ ਅਤੇ ਅਰਾਧਨਾ ਸੁਣੀ ਉਹ ਸ਼ਾਂਤ ਹੋ ਗਿਆ ਅਤੇ ਗੁਰੂ ਜੀ ਦੇ ਸਨਮੁਖ ਆ ਬੈਠਾ। ਗੁਰੂ ਜੀ ਨੇ ਪੀਰ ਨੂੰ ਸਮਝਾਇਆ ਕਿ ਇੱਕ ਮਨੁਖ ਦੀ ਗਲਤੀ ਕਾਰਨ ਸਾਰੇ ਸ਼ਹਿਰ ਨੂੰ ਬਰਬਾਦ ਕਰਨਾ ਕੋਈ ਉਚਿਤ ਗੱਲ ਨਹੀਂ। ਪੀਰ ਹਮਜ਼ਾ ਗੌਸ ਦੇ ਦਿਲ ਨੂੰ ਸਚਾਈ ਦੀ ਗੱਲ ਲੱਗੀ। ਇਸ ਤਰ੍ਹਾਂ ਉਸਨੇ ਬਦਲੇ ਵਜੋਂ ਸ਼ਹਿਰ ਬਰਬਾਦ ਕਰਨ ਦਾ ਕਾਰਜ ਤਿਆਗ ਦਿਤਾ। ਇਥੇ ਗੁਰੂ ਜੀ ਦੀ ਕੀਰਤੀ ਵਜੋਂ ਇੱਕ ਗੁਰਦਵਾਰਾ ਹੈ।

ਉਥੋਂ ਗੁਰੂ ਜੀ ਜੰਮੂ ਅਤੇ ਵੈਸ਼ਨੋ ਦੇਵੀ ਦੇ ਮੰਦਰ ਵੱਲ ਚਲ ਪਏ। ਆਪਣੇ ਸੱਚ ਦੇ ਮਤ ਦਾ ਪ੍ਰਚਾਰ ਕਰਦੇ ਹੋਏ ਗੁਰੂ ਜੀ ਵੈਰੀ ਨਾਗ, ਕੁਕੜ ਨਾਗ ਅਤੇ ਅਨੰਤ ਨਾਗ ਦੇ ਚਸ਼ਮਿਆਂ ਤੋਂ ਹੁੰਦੇ ਹੋਏ ਪਹਿਲਗਾਮ ਅਤੇ ਫਿਰ ਅਮਰਨਾਥ, ਜੋ ਸ੍ਰੀਨਗਰ ਤੋਂ ੯੦ ਕੁ ਮੀਲ ਪੂਰਬ ਵੱਲ ਹੈ, ਪੁੱਜੇ। ਹਿੰਦੂ ਅਮਰਨਾਥ ਮੰਦਰ ਵਿੱਚ ਸ਼ਿਵਲਿੰਗ ਦੀ ਪੂਜਾ ਕਰਦੇ ਸਨ। ਗੁਰੂ ਜੀ ਨੇ ਉਨ੍ਹਾਂ ਨਾਲ ਮੂਰਤੀ ਪੂਜਾ ਦੀ ਨਿਰਾਰਥਕਤਾ ਬਾਰੇ ਵਿੱਚਾਰ ਵਟਾਂਦਰਾ ਕੀਤਾ ਅਤੇ ਕੇਵਲ ਇੱਕ ਅਕਾਲਪੁਰਖ ਦੀ ਪੂਜਾ ਦਾ ਉਪਦੇਸ਼ ਦਿਤਾ। ਅਮਰਨਾਥ ਤੋਂ ਥੋੜੇ ਕੁ ਮੀਲ ਪਹਿਲਾਂ ਮਟਨ ਸਾਹਿਬ ਨਾਮ ਦਾ ਗੁਰਦਵਾਰਾ ਹੈ।

ਸ੍ਰੀਨਗਰ ਵਿੱਚ ਬ੍ਰਹਮਦਾਸ ਨਾਮ ਦਾ ਇੱਕ ਬੜਾ ਵਿਦਵਾਨ ਪੰਡਿਤ ਰਹਿੰਦਾ ਸੀ ਜਿਸਦੇ ਪਿਛੇ ਪਿਛੇ ਕੁਝ ਊਠ, ਜਿਨ੍ਹਾਂ ਉਤੇ ਪੁਰਾਤਨ ਗਿਆਨ ਦੇ ਗ੍ਰੰਥ ਲੱਦੇ ਹੋਏ ਰਹਿੰਦੇ, ਸਦਾ ਨਾਲ ਜਾਂਦੇ ਸਨ। ਇਸਦਾ ਭਾਵ ਸੀ ਕਿ ਉਸਦੀ ਉਹਨਾਂ ਧਾਰਮਕ ਗ੍ਰੰਥਾਂ ਵਿੱਚ ਅੰਕਿਤ ਗਿਆਨ ਉਤੇ ਪੂਰੀ ਮੁਹਾਰਤ ਹੈ। ਉਸ ਨੂੰ ਪਤਾ ਲੱਗਾ ਕਿ ਇੱਕ ਮਹਾਤਮਾ ਅਤੇ ਮਹਾਨ ਗੁਰੂ ਕਸ਼ਮੀਰ ਵਾਦੀ ਵਿੱਚ ਆਇਆ ਹੋਇਆ ਹੈ ਅਤੇ ਬਹੁਤ ਲੋਕ ਉਸ ਤੋਂ ਮਿਹਰ ਦੀਆਂ ਬਖਸ਼ਿਸ਼ਾਂ ਲੈਣ ਲਈ ਗਏ ਸਨ। ਪਹਿਲਾਂ ਉਸਨੇ ਗੁਰੂ ਜੀ ਕੋਲ ਜਾਣ ਦਾ ਵਿੱਚਾਰ ਕੀਤਾ ਪਰ ਫਿਰ ਉਸ ਨੂੰ ਆਪਣੇ ਗਿਆਨ ਦੇ ਹੰਕਾਰ ਨੇ ਰੋਕ ਦਿਤਾ। ਇੱਕ ਦਿਨ ਪੰਡਤ ਆਪਣੇ ਮਿਤਰ, ਕਮਾਲ, ਨੂੰ ਮਿਲਣ ਗਿਆ ਅਤੇ ਵਾਦੀ ਵਿੱਚ ਆਏ ਹੋਏ ਇੱਕ ਅਦਭੁਤ ਵਿਅਕਤੀ (ਗੁਰੂ ਨਾਨਕ ਜੀ) ਬਾਰੇ ਜ਼ਿਕਰ ਕੀਤਾ।

ਕਮਾਲ ਇੱਕ ਧਰਮੀ ਮੁਸਲਮਾਨ ਅਤੇ ਸੱਚ ਦੀ ਭਾਲ ਕਰਨ ਵਾਲਾ ਸੀ। ਉਹ ਬਿਨਾਂ ਕਿਸੇ ਝਿਜਕ ਦੇ ਗੁਰੂ ਨਾਨਕ ਜੀ ਦੇ ਦਰਸ਼ਨ ਕਰਨ ਗਿਆ। ਜਦ ਉਸਤੇ ਗੁਰੂ ਜੀ ਦੇ ਦਰਸ਼ਨ ਦੀ ਝਲਕ ਪਈ ਉਹ ਗੁਰੂ ਜੀ ਦੇ ਚਰਨਾਂ ਉਤੇ ਢਹਿ ਪਿਆ ਅਤੇ ਖੁਸ਼ੀ ਨਾਲ ਬੇਸੁਧ ਹੋ ਗਿਆ। ਜਿਉਂ ਹੀ ਉਸਨੂੰ ਹੋਸ਼ ਆਈ ਉਸਨੂੰ ਆਪਣੇ ਹਿਰਦੇ ਵਿੱਚ ਉਹ ਪ੍ਰਕਾਸ਼ ਦਿਸਿਆ ਜਿਸਦੇ ਵਾਸਤੇ ਉਹ ਵਰ੍ਹਿਆਂ ਤੋਂ ਵਿਆਕੁਲ ਹੋ ਰਿਹਾ ਸੀ। ਕਮਾਲ ਉਤੇ ਗੁਰੂ ਜੀ ਦੀ ਮਿਹਰ ਹੋਈ ਅਤੇ ਉਹ ਗੁਰੂ ਜੀ ਦਾ ਸਿੱਖ ਬਣ ਗਿਆ। ਗੁਰੂ ਜੀ ਨੇ ਉਸਨੂੰ ਕੁਰੱਮ ਵਾਦੀ

ਨਿਵਾਸ ਰੱਖਕੇ ਗੁਰੂ ਜੀ ਦੇ ਸੱਚ ਦੇ ਸਿਧਾਂਤ ਦਾ ਕਾਬਲ, ਕੰਧਾਰ ਅਤੇ ਤੀਰਾ ਵਿੱਚ ਪ੍ਰਚਾਰ ਕਰਨ ਲਈ ਆਦੇਸ਼ ਦਿਤਾ।

ਉਸਤੋਂ ਪਿਛੋਂ ਬ੍ਰਹਮ ਦਾਸ ਵੀ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਉਹ ਗੁਰੂ ਜੀ ਨਾਲ ਬਹਿਸ ਕਰਨ ਲਗ ਪਿਆ ਅਤੇ ਪੁਰਾਤਨ ਗਿਆਨ ਬਾਰੇ ਆਪਣੀ ਵਿਦਵਤਾ ਦਾ ਮਾਨ ਜਿਤਾਉਣ ਲੱਗਾ। ਗੁਰੂ ਜੀ ਨੇ ਉਸਦੇ ਪੁਸਤਕਾਂ ਨਾਲ ਲੱਦੇ ਊਠਾਂ ਵਲ ਵੇਖਦਿਆਂ ਇਹ ਸ਼ਬਦ ਉਚਾਰਣ ਕੀਤਾ:

"ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ।
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ।
ਨਾਨਕ ਲੇਖੈ ਇੱਕ ਗਲ ਹੋਰੁ ਹਉਮੈ ਝਖਣਾ ਝਾਖ।੧।"

(ਆਸਾ ਮਹਲਾ੧, ਸਲੋਕ ਮ:੧, ੧.੯, ਪੰਨਾ ੪੬੭)

ਇਹ ਸ਼ਬਦ ਸੁਣਕੇ ਬ੍ਰਹਮਦਾਸ ਨੇ ਬੇਨਤੀ ਕੀਤੀ, "ਹੇ ਮਹਾਨ ਗੁਰੂ ਜੀ, ਮੈਂ ਧਾਰਮਕ ਗ੍ਰੰਥ ਪੜ੍ਹੇ ਹਨ ਅਤੇ ਫਲਸਫੇ ਦੇ ਸਾਰੇ ਛੇ ਮਾਰਗਾਂ ਦੀ ਸ਼ਾਸਤਰੀ ਸੂਝ ਪ੍ਰਾਪਤ ਕੀਤੀ ਹੈ, ਪਰ ਮੈਂ ਹੁਣ ਮੰਨਦਾ ਹਾਂ ਕਿ ਮੇਰੇ ਮਨ ਨੂੰ ਕੋਈ ਸ਼ਾਂਤੀ ਨਹੀਂ ਮਿਲੀ ਕਿਰਪਾ ਕਰੋ, ਦੱਸੋ ਕਿ ਇਸਨੂੰ ਕਿਵੇਂ ਪ੍ਰਾਪਤ ਕਰਾਂ।"

ਗੁਰੂ ਜੀ ਨੇ ਸਮਝਾਇਆ, "ਸ਼ਾਸਤਰੀ ਸੋਝੀ ਹੰਕਾਰ ਨੂੰ ਜਨਮ ਦਿੰਦੀ ਹੈ ਅਤੇ ਹੰਕਾਰ ਮਨੁਖ ਨੂੰ ਅੰਨ੍ਹਾ ਕਰ ਦਿੰਦਾ ਹੈ। ਹਉਮੈ ਸਭ ਤੋਂ ਵੱਡੀ ਰੁਕਾਵਟ ਹੈ ਅਤੇ ਜਦ ਤਕ ਮਨੁੱਖ ਇਸ ਤੋਂ ਛੁਟਕਾਰਾ ਨ ਪਾਵੇ ਉਸਨੂੰ ਸੱਚ ਪੱਲੇ ਨਹੀਂ ਪੈਂਦਾ ਅਤੇ ਨਾ ਮਨ ਨੂੰ ਕੋਈ ਸ਼ਾਂਤੀ ਮਿਲ ਸਕਦੀ ਹੈ।" ਬ੍ਰਹਮਦਾਸ ਗੁਰੂ ਜੀ ਦੇ ਚਰਨਾਂ ਤੇ ਢੱਠਾ ਅਤੇ ਅਰਜੋਈ ਕਰਨ ਲੱਗਾ, "ਹੇ ਮਹਾਨ ਗੁਰੂ ਜੀ, ਮੈਂ ਹਨੇਰੇ ਵਿੱਚ ਰਿਹਾ ਹਾਂ ਅਤੇ ਪਾਪੀ ਹਾਂ, ਮੈਨੂੰ ਸ਼ਾਂਤੀ ਦੀ ਬਖਸ਼ਿਸ਼ ਕਰੋ।" ਬ੍ਰਹਮਦਾਸ ਉਤੇ ਮਿਹਰ ਹੋਈ ਅਤੇ ਉਹ ਗੁਰੂ ਜੀ ਦਾ ਸਿੱਖ ਬਣ ਗਿਆ। ਗੁਰੂ ਜੀ ਨੇ ਉਸਨੂੰ ਕਸ਼ਮੀਰ ਵਾਦੀ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਆਦੇਸ਼ ਦਿਤਾ।

## ਗੁਰੂ ਜੀ ਕੈਲਾਸ਼ ਪਰਬਤ ਗਏ :

ਅਮਰਨਾਥ ਤੋਂ ਗੁਰੂ ਜੀ ਨੇ ਤਿਬਤ ਵਿੱਚ ਪ੍ਰਵੇਸ਼ ਕੀਤਾ ਅਤੇ ਮਾਨਸਰੋਵਰ ਝੀਲ ਅਤੇ ਕੈਲਾਸ਼ ਪਰਬਤ (ਜਿਸਨੂੰ ਸੁਮੇਰ ਪਰਬਤ ਵੀ ਕਹਿੰਦੇ ਹਨ) ਵੱਲ ਚਲ ਪਏ। ਉਥੇ ਗੁਰੂ ਜੀ ਬਹੁਤ ਸਾਰੇ ਪ੍ਰਸਿੱਧ ਸਿੱਧਾਂ ਨੂੰ ਮਿਲੇ। ਉਹਨਾਂ ਨੇ ਗੁਰੂ ਜੀ ਨੂੰ ਭਾਰਤ ਵਿੱਚ ਵਰਤ ਰਹੀ ਸਥਿਤੀ ਬਾਰੇ ਪੁਛਿਆ। ਗੁਰੂ ਜੀ ਨੇ ਦੱਸਿਆ ਕਿ ਉਥੇ ਸਭ ਪਾਸੇ ਕੂੜ ਪਸਰਿਆ ਹੋਇਆ ਹੈ ਅਤੇ ਸੱਚ ਦਾ ਚੰਦ੍ਰਮਾ ਅਗਿਆਨ ਦੇ ਹਨੇਰੇ ਵਿੱਚ ਪੂਰੀ ਤਰ੍ਹਾਂ ਛੁੱਪ ਗਿਆ ਹੈ। ਰਾਜੇ ਕਸਾਈ ਹੋ ਗਏ ਹਨ ਅਤੇ ਨਿਆਂ ਪੰਖ ਲਗਾਕੇ ਦੂਰ ਉਡ ਚਲਾ ਗਿਆ ਹੈ। ਫਿਰ ਗੁਰੂ ਜੀ ਨੇ ਹੋਰ ਬਚਨ ਕੀਤਾ ਕਿ "ਨਾਥ ਜੀ, ਜਦ ਸਿਧ (ਜੋਗੀ) ਪਹਾੜਾਂ ਦੀਆਂ ਕੰਦਰਾਂ ਵਿੱਚ ਲੁਕੇ ਬੈਠੇ ਹਨ, ਦੇਸ ਵਿੱਚ ਲੋਕਾਂ ਨੂੰ ਠੀਕ ਰਾਹ ਪਾਉਣ ਵਾਲਾ ਕੌਣ ਰਹਿ ਗਿਆ ਹੈ?"

ਸਿੱਧ ਚਾਹੁੰਦੇ ਸਨ ਕਿ ਗੁਰੂ ਜੀ ਉਹਨਾਂ ਵਰਗੇ ਬਸਤਰ ਪਹਿਣਕੇ ਉਹਨਾਂ ਵਿੱਚ ਰਸ ਜਾਣ, ਪਰ ਸਫਲ ਨ ਹੋਏ। ਉਹਨਾਂ ਕੋਲ ਰਿਧੀਆਂ ਸਿਧੀਆਂ ਦੀਆਂ ਅਲੌਕਿਕ ਸ਼ਕਤੀਆਂ ਸਨ ਜਿਨ੍ਹਾਂ ਨੂੰ ਗੁਰੂ ਜੀ ਤੇ ਵਰਤਿਆ। ਉਹਨਾਂ ਨੇ ਗੁਰੂ ਜੀ ਨੂੰ ਨੇੜੇ ਦੇ ਚਸ਼ਮੇ ਤੋਂ ਪਾਣੀ ਲਿਆਉਣ ਲਈ ਕਿਹਾ। ਗੁਰੂ ਜੀ ਇੱਕ ਲੋਟਾ ਲੈਕੇ ਪਾਣੀ ਲਿਆਉਣ ਲਗੇ। ਸਿੱਧਾਂ ਨੇ ਆਪਣੀ ਸ਼ਕਤੀ ਨਾਲ ਉਸ ਪਾਣੀ ਨੂੰ ਹੀਰੇ, ਜਵਾਹਰਾਂ ਵਿੱਚ ਬਦਲ ਦਿੱਤਾ। ਉਹਨਾਂ ਸੋਚਿਆ ਸੀ ਕਿ ਗੁਰੂ ਜੀ ਅਜਿਹੇ ਧੱਨ ਨੂੰ ਵੇਖ ਕੇ ਪਸੀਜ ਜਾਣਗੇ। ਗੁਰੂ ਜੀ ਨੇ ਹੀਰੇ ਜਵਾਹਰਾਂ ਦੀ ਪ੍ਰਵਾਹ ਨ ਕੀਤੀ ਅਤੇ ਖਾਲੀ ਲੋਟਾ ਲੈਕੇ ਵਾਪਸ ਆ ਗਏ। ਸਿੱਧਾਂ ਨੇ ਹੋਰ ਵੀ ਕੌਤਕ ਕੀਤੇ ਪਰ ਸਫਲ ਨ ਹੋਏ। ਅਖੀਰ ਉਹਨਾਂ ਗੁਰੂ ਜੀ ਦੀਆਂ ਵਡੇਰੀਆਂ ਸ਼ਕਤੀਆਂ ਨੂੰ ਮੰਨ ਲਿਆ ਅਤੇ ਹਾਰਕੇ ਗੁਰੂ ਜੀ ਦੁਆਲੇ ਆ ਬੈਠੇ, ਗੁਰੂ ਜੀ ਨਾਲ ਚਰਚਾ ਕਰਨ ਲੱਗੇ।[੨੧] ਗੁਰੂ ਜੀ ਨੇ ਉਹਨਾਂ ਨੂੰ ਯਕੀਨ ਕਰਵਾ ਦਿੱਤਾ ਕਿ ਫੋਕੇ ਬਸਤਰ ਪਹਿਨਣ ਅਤੇ ਆਪਣੇ ਸਰੀਰ ਨੂੰ ਸਖਤ ਕਸ਼ਟ ਦੇਣ ਦੀ ਥਾਂ ਉਹ ਮਨੁਖ ਜਾਤੀ ਦੀ ਸੇਵਾ ਵਿੱਚ ਜੋਰ ਲਾਉਣ। ਚਰਪਟ ਨਾਮੀ ਇੱਕ ਸਿਧ ਨੇ ਪੁਛਿਆ:

"ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ।
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ।"

(ਰਾਮਕਲੀ ਮਹਲਾ ੧, ਸਿਧਗੋਸ਼ਟਿ, ਪੰਨਾ ੯੩੮)

ਜਗਤ ਇੱਕ ਪਾਰ ਨਾ ਕੀਤਾ ਜਾਣ ਵਾਲਾ ਸਮੁੰਦਰ ਆਖਿਆ ਜਾਂਦਾ ਹੈ। ਬੰਦਾ ਕਿਸ ਤਰ੍ਹਾਂ ਇਸ ਤੋਂ ਪਾਰ ਹੋ ਸਕਦਾ ਹੈ। "ਹੇ ਨਿਰਲੇਪ ਨਾਨਕ! ਇਸ ਦਾ ਉਤਰ ਦਿਓ?"

ਗੁਰੂ ਜੀ ਨੇ ਉਤਰ ਦਿੱਤਾ :

"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੈ।
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ।
ਰਹਹਿ ਇੱਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ।
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ।।੫।।"

(ਉਹੀ, ਸਿਧ ਗੋਸ਼ਟਿ, ਪੰਨਾ ੯੩੮)

ਜਿਸ ਤਰ੍ਹਾਂ ਕੰਵਲ ਫੁਲ ਪਾਣੀ ਵਿੱਚ ਨਿਰਲੇਪ ਰਹਿੰਦਾ ਹੈ (ਅਗਰ ਉਹ ਪਾਣੀ ਵਿੱਚ ਡੁੱਬ ਜਾਏ ਤਾਂ ਖਤਮ ਹੋ ਜਾਏਗਾ), ਜਿਸ ਤਰ੍ਹਾਂ ਮੁਰਗਾਬੀ ਨਦੀ ਦੇ ਬਹਾਉਂ ਦੇ ਸਾਮ੍ਹਣੇ ਤਰਦੀ ਹੈ ਪਰ ਅਪਣੇ ਪੰਖ ਭਿਜਣ ਨਹੀਂ ਦੇਂਦੀ (ਅਗਰ ਪੰਖ ਭਿਜ ਗਏ ਤਾਂ ਖਤਮ ਹੋ ਜਾਏਗੀ) ਏਸੇ ਤਰ੍ਹਾਂ ਗ੍ਰਿਸਤ ਆਸ਼ਰਮ ਵਿੱਚ ਰਹਿੰਦਿਆਂ ਹੋਇਆਂ ਮਾਇਆ ਤੋਂ ਨਿਰਲੇਪ ਹੋਕੇ ਗੁਰਬਾਣੀ ਦੇ ਅਰਥਾਂ ਵਿੱਚ ਬਿਰਤੀ ਜੋੜਨ ਅਤੇ ਐਸ ਤਰ੍ਹਾਂ ਨਾਮ ਦਾ ਉਚਾਰਨ ਕਰਨ ਨਾਲ ਹੇ ਨਾਨਕ! ਭਿਆਨਕ ਸੰਸਾਰ ਤੋਂ ਪਾਰ ਹੋ ਜਾਈਦਾ ਹੈ।

ਇੱਕ ਹੋਰ ਜੋਗੀ ਨੇ ਪੁਛਿਆ:

"ਕਵਣ ਮੂਲੁ ਕਵਣ ਮਤਿ ਵੇਲਾ। ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ।

(ਉਹੀ, ਪੰਨਾ ੯੪੨)

ਤੇਰਾ ਅਸਲਾ ਕੀ ਹੈ (ਜੀਵਨ ਦਾ ਅਰੰਭ ਕੀ ਹੈ?) ਕੇਹੜੇ ਮੱਤ ਦਾ ਧਾਰਨੀ ਹੈ? ਤੇਰਾ ਕਿਹੜਾ ਗੁਰੂ ਹੈ ਜਿਦਾ ਤੂੰ ਚੇਲਾ ਹੈਂ?

ਗੁਰੂ ਜੀ ਉਤਰ ਦਿਤਾ:

"ਪਵਨ ਅਰੰਭੁ ਸਤਿਗੁਰ ਅਤਿ ਵੇਲਾ।
ਸਬਦੁ ਗੁਰੂ ਸੁਰਤਿ ਧੁਨਿ ਚੇਲਾ।"

(ਉਹੀ, ਪੰਨਾ ੯੪੩)

ਹਜ਼ੂਰ ਨੇ ਉਤਰ ਦਿੱਤਾ ਕਿ ਜਿਸ ਸ਼ਕਤੀ ਨੇ ਪਵਨ (ਹਵਾ) ਬਣਾਈ ਹੈ ਉਹ ਮੇਰਾ ਮੂਲ ਹੈ। ਉਸ ਸਤਿਗੁਰ ਤੋਂ ਜੋ ਮੈਨੂੰ ਸ਼ਬਦ ਆ ਰਿਹਾ ਹੈ, ਉਹ ਸ਼ਬਦ ਮੇਰਾ ਗੁਰੂ ਹੈ ਅਤੇ ਉਸ ਸ਼ਬਦ ਦੀ ਧੁਨੀ ਵਿੱਚ ਸੂਰਤ ਜੋੜਨੀ ਚੇਲਾ ਹੈ।

ਇਸ ਇਲਾਕੇ ਦੇ ਕੁਝ ਮੰਦਰਾਂ ਵਿੱਚ ਗੁਰੂ ਨਾਨਕ ਜੀ ਦੀਆਂ ਮੂਰਤੀਆਂ ਹਨ। ਕੈਲਾਸ਼ ਪਰਬਤ ਤੋਂ ਗੁਰੂ ਜੀ ਉਤੱਰ ਪੱਛਮ ਵੱਲ ਚਲ ਪਏ ਅਤੇ ਚਾਸੂਲ ਦੱਰੇ ਰਾਹੀਂ ਲਦਾਖ ਦੇ ਇਲਾਕੇ ਵਿੱਚ ਦਾਖਲ ਹੋਏ ਅਤੇ ਫਿਰ ਕਾਰੂਨਗਰ ਪੁੱਜੇ। ਇਸ ਥਾਂ ਦੀ ਇੱਕ ਅਲੌਕਕ ਗੱਲ ਇਹ ਹੈ ਕਿ ਇਸਦੇ ਆਸਪਾਸ ਥੋੜੇ ਕੁ ਪਿੰਡ ਹਨ ਜਿਥੇ ਗੁਰੂ ਨਾਨਕ ਜੀ ਤੋਂ ਸਿਵਾ ਹੋਰ ਕਿਸੇ ਦੀ ਪੂਜਾ ਨਹੀਂ ਹੁੰਦੀ। ਇਥੋਂ ਥੋੜੀ ਕੁ ਦੂਰ 'ਗੁਫਾ ਹੇਮਸ' ਨਾਮ ਦੀ ਇੱਕ ਥਾਂ ਹੈ ਜਿਥੇ ਗੁਰੂ ਨਾਨਕ ਜੀ ਦੀ ਆਮਦ ਦੀ ਯਾਦ ਤਾਜ਼ਾ ਹੈ। ਇਥੇ ਲੋਕਾਂ ਨੇ ਇੱਕ ਪੱਥਰ ਸੰਭਾਲ ਰਖਿਆ ਹੋਇਆ ਹੈ ਜਿਥੇ ਉਹਨਾਂ ਦਾ ਵਿਸ਼ਵਾਸ਼ ਅਨੁਸਾਰ ਗੁਰੂ ਜੀ ਆਏ ਬੈਠੇ ਸਨ। ਉਥੋਂ ਗੁਰੂ ਜੀ ਸਕਰਦੂ ਆਏ ਜਿਥੇ ਗੁਰੂ ਜੀ ਦੇ ਨਾਮ ਤੇ ਇੱਕ ਗੁਰਦਵਾਰਾ ਹੈ। ਉਥੋਂ ਗੁਰੂ ਜੀ ਕਾਰਗਲ, ਪਹਿਲਗਾਮ, ਅਨੰਤ ਨਗਰ, ਸ੍ਰੀਨਗਰ, ਬਾਰਾਮੂਲਾ ਗਏ ਅਤੇ ਫਿਰ ਕਰਤਾਰਪੁਰ ਵਾਪਸ ਆ ਗਏ।

ਕਸ਼ਮੀਰ ਵਿਦਵਾਨ ਪੰਡਿਤਾਂ (ਬ੍ਰਾਹਮਣਾਂ) ਦਾ ਕੇਂਦਰ ਰਿਹਾ ਸੀ। ਇਸੇ ਕਰਕੇ ਇਹ ਇਲਾਕਾ ਮੂਰਤੀ ਪੂਜਾ ਅਤੇ ਹੋਰ ਇਸ ਨਾਲ ਸੰਬੰਧਤ ਰੀਤਾਂ ਅਤੇ ਰਸਮਾਂ ਵਿੱਚ ਅਤੀਅੰਤ ਉਲਝਿਆ ਹੋਇਆ ਸੀ। ਗੁਰੂ ਜੀ ਨੇ ਅਕਾਲ ਪੁਰਖ ਦੀ ਅਰਾਧਨਾ ਕਰਨ ਦਾ ਪ੍ਰਚਾਰ ਕੀਤਾ ਅਤੇ ਜ਼ੋਰ ਦਿੱਤਾ ਕਿ ਇੱਕ ਅਕਾਲਪੁਰਖ ਤੋਂ ਸਿਵਾ ਹੋਰ ਕਿਸੇ ਦੀ ਅਰਾਧਨਾ, ਪੂਜਾ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੇ ਨਾਲ ਇਹ ਵੀ ਦ੍ਰਿੜ੍ਹ ਕਰਾਇਆ ਕਿ ਹੋਰ ਰੀਤਾਂ ਅਤੇ ਰਸਮਾਂ ਦਾ ਕੋਈ ਲਾਭ ਨਹੀਂ। ਪੰਡਤ ਬ੍ਰਹਮ ਦਾਸ, ਜੋ ਗੁਰੂ ਜੀ ਦਾ ਸਿੱਖ ਬਣ ਗਿਆ ਸੀ, ਨੇ ਕਸ਼ਮੀਰ ਵਾਦੀ ਵਿੱਚ ਗੁਰੂ ਨਾਨਕ ਜੀ ਦੇ ਸਿਧਾਂਤ ਦਾ ਪ੍ਰਚਾਰ ਕਰਨ ਲਈ ਬੜੀ ਸੇਵਾ ਕੀਤੀ।

## ਤੀਜੀ ਉਦਾਸੀ :

ਗੁਰੂ ਜੀ ਨੇ ਤੀਜੀ ਉਦਾਸੀ ਪਛੱਮ ਵਲ ਕੀਤੀ। ਗੁਰੂ ਜੀ ਪਾਕਪਟਨ (ਅਜੋਧਨ) ਪੁੱਜੇ ਜਿਥੇ ਉਹ ਸ਼ੇਖ ਬ੍ਰਹਮ ਨੂੰ ਮਿਲੇ ਜੋ ਬਾਬਾ ਫਰੀਦ ਜੀ (ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ) ਦੇ ਯਾਰਵੇਂ ਜਾਨਸ਼ੀਨ ਸਨ। ਗੁਰੂ ਜੀ ਨੇ ਉਸ ਨਾਲ ਵਿਸ਼ਾਲ ਵਿੱਚਾਰ-ਵਟਾਂਦਰਾ ਕੀਤਾ। ਗੁਰੂ ਜੀ ਨੇ ਬਚਨ ਕੀਤਾ:-

"ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ।
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।"

(ਵਾਰ ਮਲਾਰ ਕੀ ਮਹਲਾ ੧, ਪੰਨਾ ੧੨੯੧)

ਸ਼ੇਖ ਨੇ ਗੁਰੂ ਜੀ ਨੂੰ ਸਪਸ਼ਟ ਕਰਨ ਲਈ ਬੇਨਤੀ ਕੀਤੀ। ਆਪ ਕਹਿੰਦੇ ਹੋ, ਕਿ ਕੇਵਲ ਇੱਕ ਹੀ ਅਕਾਲ ਪੁਰਖ ਹੈ, ਦੂਜਾ ਕੋਈ ਨਹੀਂ ਹੋਣਾ ਚਾਹੀਦਾ? ਮੈਂ ਕਹਿੰਦਾ ਹਾਂ:-

"ਖੁਦਾ ਇੱਕ ਹੈ ਅਤੇ ਰਾਹ ਦੋ ਹਨ;
ਕਿਹੜਾ ਅਪਨਾਵਾਂ ਅਤੇ ਕਿਹੜਾ ਨਾਮਨਜੂਰ ਕਰਾਂ?"

ਗੁਰੂ ਜੀ ਨੇ ਉਤਰ ਦਿਤਾ:

"ਅਕਾਲ ਪੁਰਖ ਕੇਵਲ ਇੱਕ ਹੀ ਹੈ ਅਤੇ ਇੱਕ ਹੀ ਰਾਹ;
ਇੱਕ ਨੂੰ ਅਪਣਾ ਲਵੋ ਅਤੇ ਦੂਜਾ ਅਪਰਵਾਨ ਕਰੋ।"

ਇੱਕ ਵਾਰ ਵਿੱਚ (ਜਿਵੇਂ ਆਸਾ ਦੀ ਵਾਰ) ਵਿੱਚ ਦੋ ਵਿਅਕਤੀ ਹੋਣੇ ਜ਼ਰੂਰੀ ਹਨ; ਅਤੇ ਸ਼ੇਖ ਨੇ ਗੁਰੂ ਜੀ ਨੂੰ ਇੱਕ ਅਕਾਲ ਪੁਰਖ ਦੀ ਵਡਿਆਈ ਵਿੱਚ ਕੋਈ ਨਗਮਾ ਸੁਨਾਉਣ ਲਈ ਬੇਨਤੀ ਕੀਤੀ। ਸ਼ੇਖ ਨੇ ਕਿਹਾ, "ਮੇਰਾ ਵਿੱਚਾਰ ਹੈ ਕਿ ਦੋ ਹਸਤੀਆਂ ਬਿਨਾਂ ਅਰਾਧਨਾ ਨਹੀਂ ਕੀਤੀ ਜਾ ਸਕਦੀ, ਭਾਵ ਇੱਕ ਖੁਦਾ ਅਤੇ ਇੱਕ ਪੈਗੰਬਰ। ਮੈਨੂੰ ਦੱਸੋ ਕਿ ਆਪ ਕਿਸ ਨੂੰ ਆਦਮੀ ਦਾ ਸਾਲਸ ਬਣਾਉਗੇ।" ਇਸਤੇ ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਅਤੇ ਆਸਾ ਦੀ ਵਾਰ ਦੇ ਪਹਿਲੇ ਸਲੋਕ ਅਤੇ ਪਉੜੀ ਦਾ ਗਾਇਨ ਕੀਤਾ:

"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।੧।
ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ।
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ।
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ।
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ।੩।"
ਪਉੜੀ।
ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ।
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ।
ਕਰਿ ਆਸਣੁ ਡਿਠੋ ਚਾਉ।"

(ਆਸਾ ਮਹਲਾ ੧, ਪੰਨਾ ੪੬੨-੬੩)

ਤਦ ਸ਼ੇਖ ਨੇ ਗੁਰੂ ਜੀ ਤੋਂ ਇੱਕ ਛੁਰੀ ਮੰਗੀ, "ਮੈਨੂੰ ਅਜੇਹੀ ਇੱਕ ਛੁਰੀ ਦਿਉ ਕਿ ਜਿਨ੍ਹਾਂ ਨੂੰ ਇਸ ਨਾਲ ਮਾਰਿਆ ਜਾਏ ਉਹ ਖੁਦਾ ਨੂੰ ਪ੍ਰਵਾਨ ਹੋਣਗੇ। ਸਾਧਾਰਨ ਛੁਰੀ ਨਾਲ ਹੇਠਲੀ ਜਾਤੀ ਦੇ ਜੀਵ ਵੱਢੇ ਜਾਂਦੇ ਹਨ। ਜੇ ਆਦਮੀ ਦਾ ਗਲ ਵੀ ਇਸ ਛੁਰੀ ਨਾਲ ਕੱਟਿਆ ਜਾਏ ਤਾਂ ਉਹ ਮੁਰਦਾਰ (ਗੰਦਾ ਮਾਸ) ਬਣ ਜਾਏਗਾ।

ਗੁਰੂ ਜੀ ਨੇ ਹਾਂ ਵਿੱਚ, ਇਸ ਸ਼ਬਦ ਨਾਲ ਉਤ੍ਰ ਦਿਤਾ:

"ਸਚ ਕੀ ਕਾਤੀ ਸਚੁ ਸਭੁ ਸਾਰੁ।
ਘਾੜਤ ਤਿਸ ਕੀ ਅਪਰ ਅਪਾਰ।
ਸਬਦੇ ਸਾਣ ਰਖਾਈ ਲਾਇ।
ਗੁਣ ਕੀ ਥੇਕੈ ਵਿਚਿ ਸਮਾਇ।
ਤਿਸ ਦਾ ਕੁਠਾ ਹੋਵੈ ਸੇਖੁ।
ਲੋਹੂ ਲਬ ਨਿਕਥਾ ਵੇਖੁ।
ਹੋਇ ਹਲਾਲੁ ਲਗੈ ਹਕਿ ਜਾਇ।
ਨਾਨਕ ਦਰਿ ਦੀਦਾਰਿ ਸਮਾਇ।"

(ਰਾਮਕਲੀ ਕੀ ਵਾਰ, ਮਹਲਾ ੧, ਪੰਨਾ ੯੫੬)

ਇਹ ਸੁਣਕੇ ਸ਼ੇਖ ਹੈਰਾਨ ਹੋਇਆ ਤੇ ਸਿਰ ਚੁਕਿਆ। ਕਹਿਣ ਲਗਾ, "ਨਾਨਕ ਜੀ, ਆਪ ਨੇ ਕਮਾਲ ਕਰ ਦਿੱਤਾ, ਆਪ ਜੀ ਅਤੇ ਖੁਦਾ ਵਿੱਚਕਾਰ ਕੋਈ ਫਰਕ ਨਹੀਂ। ਮਿਹਰ ਕਰੋ ਤਾਂ ਜੁ ਮੈਂ ਭੀ ਉਸ ਖੁਦਾ ਨਾਲ ਰਸੂਖ ਪਾ ਲਵਾਂ।" ਗੁਰੂ ਜੀ ਨੇ ਉਤਰ ਦਿੱਤਾ, "ਸ਼ੇਖ ਬ੍ਰਹਮ, ਅਕਾਲ ਪੁਰਖ ਤੁਹਾਡੇ ਬੇੜੇ ਨੂੰ ਸਹੀ ਸਲਾਮਤ ਪਾਰ ਲਾ ਦੇਵੇਗਾ।" ਸ਼ੇਖ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਸਨੂੰ ਇਸਦਾ ਪੱਕਾ ਕੌਲ ਦਿਉ। ਗੁਰੂ ਜੀ ਨੇ ਉਸਨੂੰ ਨਿਵਾਜਿਆ ਅਤੇ ਮੁਕਤੀ ਦੀ ਬਖਸ਼ਿਸ਼ ਕੀਤੀ।

ਪੁਰਾਤਨ ਜਨਮ ਸਾਖੀ ਅਨੁਸਾਰ, ਆਸਾ ਦੀ ਵਾਰ ਦੀਆਂ ਪਹਿਲੀਆਂ ਨੌ ਪੌੜੀਆਂ ਗੁਰੂ ਜੀ ਨੇ ਸ਼ੇਖ ਬ੍ਰਹਮ ਨਾਲ ਵਿੱਚਾਰ ਵਟਾਂਦਰਾ ਕਰਦੇ ਸਮੇਂ ਉਚਾਰਣ ਕੀਤੀਆਂ ਸਨ ਅਤੇ ਬਾਕੀ ਦੀਆਂ ਪੰਦਰਾਂ ਪੌੜੀਆਂ ਲਾਹੌਰ ਦੇ ਦੁਨੀਚੰਦ ਧੁਪਰ ਵਾਸਤੇ ਉਚਾਰੀਆਂ ਸਨ। ਗੁਰੂ ਜੀ ਉਥੋਂ ਮੁਲਤਾਨ, ਉਚ, ਸੱਖਰ ਵੱਲ ਚੱਲ ਪਏ ਅਤੇ ਲਖਪਤ ਪੁੱਜੇ ਜਿਥੇ ਗੁਰੂ ਜੀ ਦੀ ਯਾਦ ਵਿੱਚ ਇੱਕ ਗੁਰਦਵਾਰਾ ਸਥਿਤੇ ਹੈ। ਫਿਰ ਗੁਰੂ ਜੀ ਕੁਰਿਆਨੀ ਆਏ ਜਿਥੇ ਇੱਕ ਸਰੋਵਰ ਗੁਰੂ ਜੀ ਦੇ ਨਾਮ ਨਾਲ ਬਣਿਆ ਹੋਇਆ ਹੈ। ਫਿਰ ਗੁਰੂ ਜੀ ਮਿਆਨੀ ਆਏ ਜੋ ਕਰਾਚੀ ਸ਼ਹਿਰ ਤੋਂ ੫੦ ਕੁ ਮੀਲ ਪੱਛਮ ਵਲ ਹੈ। ਉਸ ਇਲਾਕੇ ਦੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਧਰਮ-ਅਸਥਾਨਾਂ (ਮੰਦਰ ਆਦਿ) ਤੇ ਗਏ। ਹਿੰਗਲਾਜ ਨੇੜੇ ਗੁਰੂ ਜੀ ਦੀ ਯਾਦ ਕਾਇਮ ਰੱਖਦੀ ਇੱਕ ਧਰਮਸ਼ਾਲਾ ਹੈ। ਉਥੋਂ ਗੁਰੂ ਜੀ ਇੱਕ ਜਹਾਜ਼ ਵਿੱਚ ਅਰਬ ਦੇਸ਼ ਜਾਣ ਲਈ ਚੜ੍ਹੇ।

## ਗੁਰੂ ਨਾਨਕ ਜੀ ਮੱਕੇ ਗਏ :

ਗੁਰੂ ਜੀ ਨੇ ਇੱਕ ਮੁਸਲਮਾਨ ਯਾਤਰੀ ਵਾਂਗ ਨੀਲੇ ਬਸਤਰ ਪਹਿਣ ਲਏ, ਹੱਥ ਵਿੱਚ ਇੱਕ ਫਕੀਰਾਂ ਵਾਲਾ ਡੰਡਾ ਲੈ ਲਿਆ ਅਤੇ ਆਪਣੀ ਬਾਣੀ ਦਾ ਸੰਗ੍ਰਹਿ ਇੱਕ ਪੋਥੀ ਦੇ ਰੂਪ ਵਿੱਚ ਆਪਣੀ ਬਾਂਹ ਹੇਠ ਰੱਖ ਲਿਆ। ਉਨ੍ਹਾਂ ਨੇ ਮੁਸਲਮਾਨ ਸ਼ਰਧਾਲੂਆਂ ਵਾਂਗ ਹੱਥ ਪੈਰ ਧੋਣ ਲਈ ਇੱਕ ਲੋਟਾ ਅਤੇ ਇੱਕ ਚਿਟਾਈ, ਜਿਸਤੇ ਬਹਿਕੇ ਨਮਾਜ਼ ਪੜ੍ਹਦੇ ਹਨ, ਵੀ ਲੈ ਲਏ। ਹੱਜ ਲਈ ਆਏ ਯਾਤਰੀਆਂ ਵਾਂਗ ਗੁਰੂ ਜੀ ਵੀ ਵਿਸ਼ਾਲ ਮਸੀਤ ਅੰਦਰ ਚਲੇ ਗਏ ਜਿਥੇ ਯਾਤਰੀ ਅਰਾਧਨਾ ਕਰਨ ਵਿੱਚ ਰੁਝੇ ਹੋਏ ਸਨ। ਰਾਤ ਪਈ ਤਾਂ ਸੌਣ ਲਈ ਗੁਰੂ ਜੀ ਲੇਟੇ, ਤਦ ਉਹਨਾਂ ਦੇ ਪੈਰ ਕਾਬੇ ਵੱਲ ਸਨ। ਜੀਵਨ [੨੨] ਨਾਮੀ ਇੱਕ ਟਹਿਲੂਆ-ਕਾਜ਼ੀ ਉਥੋਂ ਲੰਘਿਆ ਤਾਂ ਗੁਰੂ ਜੀ ਦੇ ਪੈਰ ਕਾਬੇ ਵੱਲ ਵੇਖਕੇ ਗੁੱਸੇ ਵਿੱਚ ਉਸਨੇ ਗੁਰੂ ਜੀ ਨੂੰ ਪੈਰ ਮਾਰਦਿਆਂ ਕਿਹਾ, "ਕਿਹੜਾ ਕਾਫਰ ਹੈਂ ਤੂੰ ਜੋ ਅੱਲ੍ਹਾ ਦੇ ਘਰ ਵਲ ਪੈਰ ਕਰਕੇ ਸੁੱਤਾ ਪਿਆ ਹੈਂ?" ਗੁਰੂ ਜੀ ਨੇ ਉਤਰ ਦਿੱਤਾ, "ਮੇਰੇ ਪੈਰ ਉਸ ਪਾਸੇ ਕਰ ਦੇਹ ਜਿਧਰ ਰੱਬ ਦਾ ਘਰ ਨਹੀਂ" ਇਹ ਸੁਣ ਜੀਵਨ ਨੇ ਗੁਰੂ ਜੀ ਦੇ ਪੈਰ ਫੜਕੇ ਘਸੀਟੇ ਅਤੇ ਉਲਟੇ ਪਾਸੇ ਕਰ ਦਿਤੇ। ਕਿਹਾ ਜਾਂਦਾ ਹੈ ਕਿ ਇਸ ਤਰ੍ਹਾਂ ਕਰਦਿਆਂ ਹੀ ਕਾਬਾ ਵੀ ਘੁੰਮਿਆ ਅਤੇ ਗੁਰੂ ਜੀ ਦੇ ਪੈਰਾਂ ਵਾਂਗ ਉਲਟੇ ਪਾਸੇ ਆ ਗਿਆ। ਕਈ ਕਹਿੰਦੇ ਹਨ ਕਿ ਜਦ ਗੁਰੂ ਜੀ ਨੇ ਜੀਵਨ ਨੂੰ ਉਨ੍ਹਾਂ ਦੇ ਪੈਰ ਉਸ ਪਾਸੇ ਕਰਨ ਨੂੰ ਕਿਹਾ ਜਿਥੇ ਰੱਬ ਨਹੀਂ ਤਾਂ ਉਸਨੂੰ ਗਿਆਨ ਹੋ ਗਿਆ ਕਿ ਅੱਲ੍ਹਾ ਤਾਂ ਹਰ ਥਾਂ ਵਸਦਾ ਹੈ। ਪਰ ਜਿਨ੍ਹਾਂ ਨੇ ਇਹ ਕਰਾਮਾਤ ਵੇਖੀ ਉਹ ਹੈਰਾਨ ਹੋ ਗਏ ਅਤੇ ਗੁਰੂ ਜੀ ਨੂੰ ਇੱਕ ਇਲਾਹੀ ਪੁਰਸ਼ ਜਾਣਦਿਆਂ ਗੁਰੂ ਜੀ ਨੂੰ ਨਮਸਕਾਰ ਕੀਤੀ।

ਫਿਰ ਕਾਜ਼ੀ ਅਤੇ ਮੁੱਲਾਂ ਸਾਰੇ ਗੁਰੂ ਜੀ ਦੁਆਲੇ ਆ ਇੱਕੱਠੇ ਹੋਏ ਅਤੇ ਪੁੱਛਣ ਲਗੇ ਕਿ ਆਪ ਮੁਸਲਮਾਨ ਹੋ ਜਾਂ ਹਿੰਦੂ? ਗੁਰੂ ਜੀ ਨੇ ਉਤਰ ਦਿੱਤਾ ਕਿ ਆਪ ਦੋਹਾਂ ਵਿੱਚੋਂ ਕੋਈ ਵੀ ਨਹੀਂ। ਫਿਰ ਉਹਨਾਂ ਨੇ ਪੁੱਛਿਆ ਕਿ "ਦੋਹਾਂ ਵਿੱਚੋਂ ਕੌਣ ਬਿਹਤਰ ਹੈ, ਹਿੰਦੂ ਕਿ ਮੁਸਲਮਾਨ?" ਗੁਰੂ ਜੀ ਨੇ ਉੱਤਰ ਦਿੱਤਾ, "ਚੰਗੇ ਕੰਮਾਂ ਤੋਂ ਬਿਨਾਂ ਦੋਵੇਂ ਪਛਤਾਉਣਗੇ। ਚੰਗਿਆਈ ਕੰਮਾਂ ਕਰਕੇ ਹੁੰਦੀ ਹੈ, ਕਿਸੇ ਮਜ਼ਹਬ ਦਾ ਪੈਰੋਕਾਰ ਹੋਣ ਕਰਕੇ ਨਹੀਂ।" ਮੁਖੀ ਕਾਜ਼ੀ ਸੱਚ ਦਾ ਮੁਤਲਾਸ਼ੀ ਸੀ। ਉਸਨੇ ਅਨੁਭਵ ਕਰ ਲਿਆ ਅਤੇ ਗੁਰੂ ਜੀ ਤੋਂ ਬਖਸ਼ਿਸ਼ ਲਈ ਬੇਨਤੀ ਕੀਤੀ। ਗੁਰੂ ਜੀ ਨਾਮ ਦਾ ਪਰਚਾਰ ਕਰਦੇ ਸੀ। ਉਨ੍ਹਾਂ ਨੇ ਕਾਜ਼ੀ ਨੂੰ ਸੱਚਾ ਜੀਵਨ ਜੀਊਣ, ਦਿਨੇ ਰਾਤ ਰੱਬ ਦੀ ਯਾਦ ਵਿੱਚ ਰਹਿਣ ਅਤੇ ਅਕਾਲ ਦੀ ਵਡਿਆਈ ਕਰਦਿਆਂ ਆਪਣੇ ਮਨ ਤੋਂ ਪਾਪਾਂ ਦੀ ਮੈਲ ਧੋਣ ਦਾ ਜਤਨ ਕਰਨ ਦੀ ਸਿੱਖਿਆ ਦਿਤੀ।

## ਗੁਰੂ ਜੀ ਮਦੀਨੇ :

ਕੁਝ ਸਮਾਂ ਪਾਕੇ ਗੁਰੂ ਜੀ ਮਦੀਨੇ ਵੱਲ ਚਲ ਗਏ। ਇਹ ਮੁਸਲਮਾਨਾਂ ਦਾ ਇੱਕ ਹੋਰ ਪਵਿਤਰ ਅਸਥਾਨ ਹੈ ਜਿਥੇ ਪੈਗੰਬਰ ਮੁਹੰਮਦ ਸਾਹਿਬ ਬਹੁਤ ਵਰ੍ਹੇ ਰਹੇ ਅਤੇ ਅਕਾਲ ਜੋਤਿ ਵਿੱਚ ਸਮਾਏ। ਗੁਰੂ ਜੀ ਉਥੇ ਪੁੱਜੇ ਤਾਂ

ਰਾਤ ਪੈ ਗਈ ਸੀ। ਉਨ੍ਹਾਂ ਨੇ ਸ਼ਹਿਰ ਦੇ ਬਾਹਰ ਹੀ ਡੇਰਾ ਕਰ ਲਿਆ। ਇਸ ਥਾਂ ਤੇ ਕੋਹੜਿਆਂ ਨੂੰ ਵੱਖਰਿਆਂ ਰੱਖਿਆ ਜਾਂਦਾ ਸੀ ਅਤੇ ਉਹਨਾਂ ਦੇ ਆਰਾਮ ਜਾਂ ਇਲਾਜ ਵਾਸਤੇ ਕੋਈ ਬੰਦੋਬਸਤ ਨਹੀਂ ਕੀਤਾ ਹੋਇਆ ਸੀ। ਇਤਿਹਾਸ ਵਿੱਚ ਲਿਖਿਆ ਹੈ ਕਿ ਗੁਰੂ ਜੀ ਨੇ ਸਾਰੇ ਕੋਹੜਿਆਂ ਨੂੰ ਰਾਜੀ ਕਰ ਦਿੱਤਾ ਅਤੇ ਨਤੀਜੇ ਵਜੋਂ ਲੋਕਾਂ ਦੀਆਂ ਵਹੀਰਾਂ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਣ ਲੱਗੀਆਂ। ਇਥੋਂ ਗੁਰੂ ਜੀ ਦਾ ਬਸਰੇ ਰਾਹੀਂ ਬਗਦਾਦ ਵੱਲ ਸਫਰ ਅਰੰਭ ਹੋਇਆ।

## ਗੁਰੂ ਜੀ ਬਗਦਾਦ ਆਏ :

ਬਗਦਾਦ ਵਿੱਚ ਇੱਕ ਬੜਾ ਪ੍ਰਸਿੱਧ ਮੁਸਲਮਾਨ ਫਕੀਰ, ਪੀਰ ਅਬਦੁਲ ਕਾਦਰ, ਰਹਿੰਦਾ ਸੀ ਜਿਸਦੀ ਮ੍ਰਿਤੂ ਬਗਦਾਦ ਵਿੱਚ ਸੰਨ ੧੧੬੬ ਵਿੱਚ ਹੋਈ। ਉਸਨੂੰ ਦਸਤਗੀਰ ਵੀ ਕਹਿੰਦੇ ਸਨ ਅਤੇ ਉਸਦੇ ਜਾਨਸ਼ੀਨ ਵੀ ਦਸਤਗੀਰ ਕਹਾਉਂਦੇ ਸਨ। ਮੁਸਲਮਾਨਾਂ ਵਿੱਚ ਮੁਖੀ ਕਾਜ਼ੀ ਸਦਾਚਾਰਹੀਣ ਅਤੇ ਅਨੈਤਕ ਗੀਤਾਂ ਨੂੰ ਪਸੰਦ ਕਰਦੇਸਨ। ਅਖਲਾਕ ਤੋਂ ਡੇਗਣ ਵਾਲੀਆਂ ਕਵਿਤਾਵਾਂ ਦੀ ਨਿਖੇਧੀ ਕਰਨ ਦੀ ਥਾਂ ਉਹਨਾਂ ਨੇ ਰਾਗ ਗਾਇਣ ਨੂੰ ਹੀ ਅਪ੍ਰਵਾਨ ਕਰ ਦਿੱਤਾ। ਇਸ ਤਰ੍ਹਾਂ ਮੁਸਲਿਮ ਸ਼ਰਾਹ ਅਨੁਸਾਰ ਗਾਉਣ ਵਜਾਉਣ ਦੀ ਮਨਾਹੀ ਕੀਤੀ ਹੋਈ ਸੀ। ਸਿੱਖ ਧਰਮ ਵਿੱਚ ਸਾਰੀ ਗੁਰਬਾਣੀ ਕਵਿਤਾ ਅਤੇ ਵੱਖ ਵੱਖ ਰਾਗਾਂ, ਰਾਗਨੀਆਂ ਦੇ ਰੂਪ ਵਿੱਚ ਰਚੀ ਹੋਈ ਹੈ। ਸਵੇਰ ਹੋਇਆ ਤਾਂ ਗੁਰੂ ਜੀ ਨੇ ਉੱਚੀ ਸੁਰ ਵਿੱਚ ਅਰਾਧਨਾ ਲਈ ਉਠਣ ਵਾਸਤੇ ਆਵਾਜ਼ ਦਿਤੀ ਤਾਂ ਸਾਰੀ ਵਸੋਂ ਚੁਪ ਚਾਪ ਹੈਰਾਨ ਹੋ ਗਈ। ਸ਼ਾਇਦ ਗੁਰੂ ਜੀ ਮੁਸਲਮਾਨਾਂ ਦੇ ਢੰਗ ਵਾਂਗ ਹੋਕਾ ਨਹੀਂ ਦਿੱਤਾ। ਉਸ ਸਮੇਂ ਮਰਦਾਨੇ ਨੇ ਰਬਾਬ ਵਜਾਈ ਅਤੇ ਗੁਰੂ ਜੀ ਸ਼ਬਦ ਕੀਰਤਨ ਕਰਨ ਲੱਗੇ। ਜਿਸਨੇ ਵੀ ਸੁਣਿਆ ਉਹ ਵਜਦ ਵਿੱਚ ਆ ਗਿਆ। ਇਹ ਖਬਰ ਸਾਰੇ ਸ਼ਹਿਰ ਵਿੱਚ ਫੈਲ ਗਈ। ਮੁਖੀ ਪੀਰ ਦਸਤਗੀਰ, ਇੱਕ ਹੋਰ ਮਹਾਤਮਾ, ਬਹਿਲੋਲ ਅਤੇ ਹੋਰ ਕਈ ਗੁਰੂ ਜੀ ਨੂੰ ਵੇਖਣ ਆਏ।

ਮੁਸਲਮਾਨਾਂ ਅਨੁਸਾਰ ਧਰਤੀ ਉਤੇ ਸੱਤ ਅਕਾਸ਼ ਹਨ ਅਤੇ ਧਰਤੀ ਸਮੇਤ ਸੱਤ ਹੀ ਪਾਤਾਲ ਹਨ। ਗੁਰੂ ਜੀ ਨੇ ਜਪੁਜੀ ਦਾ ਗਾਇਣ ਸ਼ੁਰੂ ਕੀਤਾ। ਜਦ ਉਹ ਬਾਈਵੀਂ ਪੌੜੀ ਤੇ ਆਏ ਤਾਂ ਪੀਰ ਇਹ ਸੁਣਕੇ ਹੈਰਾਨ ਹੋ ਗਿਆ ਕਿ ਪਵਿਤਰ ਕੁਰਾਨ ਦੇ ਉਲਟ ਇਹ ਦੱਸ ਰਹੇ ਹਨ ਕਿ ਲੱਖਾਂ ਹੀ ਪਾਤਾਲ ਹਨ ਅਤੇ ਲੱਖਾਂ ਹੀ ਆਕਾਸ਼ ਅਤੇ ਮਨੁਖ ਭਾਲ ਭਾਲ ਕੇ ਥੱਕ ਗਏ ਹਨ। ਪੀਰ ਗੁਰੂ ਜੀ ਕੋਲ ਆਇਆ ਅਤੇ ਕਹਿਣ ਲੱਗਾ ਕਿ ਜੋ ਆਪ ਦੱਸ ਰਹੇ ਹੋ ਉਸਨੂੰ ਵਿਖਾਉ। ਇਸਤੇ, ਕਿਹਾ ਜਾਂਦਾ ਹੈ [੨੩] ਕਿ ਗੁਰੂ ਜੀ ਨੇ ਪੀਰ ਦੇ ਪੁਤਰ ਦੇ ਸਿਰ ਤੇ ਹੱਥ ਧਰਿਆ ਅਤੇ ਉਸਨੂੰ ਜਪੁ ਜੀ ਦੀ ਬਾਈਵੀਂ ਪੌੜੀ ਵਿੱਚ ਦੱਸੇ ਅਕਾਸ਼ ਅਤੇ ਪਾਤਾਲ ਵਿਖਾਏ। ਇਹ ਸਾਬਤ ਕਰਨ ਲਈ ਕਿ ਲੜਕੇ ਨੇ ਸੱਚੀ ਮੁਚੀ ਵੇਖੇ ਸਨ ਉਹ ਇੱਕ ਤੌਂ ਪ੍ਰਸ਼ਾਦ ਲਿਆਇਆ ਸੀ ਜੋ ਉਸਨੇ ਆਪਣੇ ਪਿਤਾ ਪੀਰ ਨੂੰ ਦਿੱਤਾ। ਪੀਰ ਅਤੇ ਬਹਿਲੋਲ ਦੋਵੇਂ ਗੁਰੂ ਜੀ ਦੇ ਚਰਨਾਂ ਤੇ ਢੱਠੇ ਅਤੇ ਬਖਸ਼ਿਸ਼ਾਂ ਲਈ ਬੇਨਤੀ ਕੀਤੀ।

ਬਹਿਲੋਲ ਗੁਰੂ ਜੀ ਦਾ ਸਿੱਖ ਬਣ ਗਿਆ। ਦੱਸਿਆ ਜਾਂਦਾ ਹੈ ਕਿ ਇਸਨੇ ੬੦ ਵਰ੍ਹੇ ਉਸ ਸਿਲਾ ਦੇ ਸਾਮ੍ਹਣੇ ਬਿਤਾਏ ਜਿਸ ਸਿਲ੍ਹਾ ਉਤੇ, ਉਪਰ ਦੱਸੇ ਵਿੱਚਾਰ ਵਟਾਂਦਰੇ ਸਮੇਂ, ਗੁਰੂ ਜੀ ਦੇ ਚਰਨ ਟਿਕੇ ਸਨ। ਪਿਛੋਂ ਉਥੇ ਇੱਕ ਗੁਰਦਵਾਰਾ ਗੁਰੂ ਜੀ ਦੀ ਯਾਦ ਵਿੱਚ ਉਸਾਰਿਆ ਗਿਆ ਸੀ। ਉਸ ਗੁਰਦਵਾਰੇ ਅੰਦਰ ਸਿਲ੍ਹਾ ਉਤੇ ਜੋ ਉਕਰਿਆ ਹੋਇਆ ਹੈ ਉਹ ਇਸ ਪ੍ਰਕਾਰ ਹੈ:-

"ਉਸ ਇਲਾਹੀ ਉਸਤਾਦ, ਗੁਰੂ ਬਾਬਾ ਨਾਨਕ, ਫਕੀਰ ਔਲੀਆ ਦੀ ਯਾਦ ਵਿੱਚ ਇਹ ਇਮਾਰਤ ਉਸਾਰੀ ਗਈ ਹੈ, ਸੱਤ ਫਕੀਰਾਂ ਦੀ ਮਦਦ ਨਾਲ, ਅਤੇ ਇਸ ਪਤਰੇ ਤੇ ਲਿਖਿਆ ਹੈ ਕਿ ਬਖਸ਼ੇ ਹੋਏ ਮੁਰੀਦ ਨੇ ਮੁਤਬੱਰਕ ਸਾਲ ੯੧੭ (ਮੁਸਲਿਮ ਕੈਲੰਡਰ ਅਨੁਸਾਰ) ਵਿੱਚ ਚਸ਼ਮਾ ਬਣਾ ਦਿੱਤਾ ਹੈ।

ਸਵੀਡਨ ਦੇ ਸੁਆਮੀ ਅਨੰਦ ਆਚਾਰੀਆ ਨੇ ਆਪਣੀ ਪੁਸਤਕ "Snow Bird" (ਬਰਫ ਦਾ ਪੰਛੀ) ਜੋ ਮੈਕਮਿਲਨ ਐਂਡ ਸੰਨਜ (Macmillan & Sons) ਨੇ ਪ੍ਰਕਾਸ਼ਤ ਕੀਤੀ ਹੈ, ਵਿੱਚ ਦੱਸਿਆ ਹੈ ਕਿ ਜਦ ਉਹ ਬਗਦਾਦ ਗਿਆ ਸੀ ਉਸਨੇ ਉਸ ਸਿਲ੍ਹਾ ਉਤੇ ਇੱਕ ਹੋਰ ਲਿਖਤ ਉਕਰੀ ਹੋਈ ਵੇਖੀ ਸੀ ਜਿਸਤੇ ੯੧੭ ਹਿਜਰੀ ਤਰੀਕ ਪਈ ਹੋਈ ਹੈ। ਉਹ ਲਿਖਤ ਇਸ ਪ੍ਰਕਾਰ ਹੈ:-

"ਇਥੇ ਹਿੰਦੀ ਗੁਰੂ ਨਾਨਕ ਨੇ ਫਕੀਰ ਬਹਿਲੋਲ ਨਾਲ ਬਚਨ ਕੀਤੇ ਅਤੇ ਗੁਰੂ ਜੀ ਦੀ ਇਰਾਕ ਤੋਂ ਵਿਦਾਇਗੀ ਤੋਂ ਪਿੱਛੋਂ ਇਹ ਸੱਠ ਸਾਲ ਬਲਿੱਲਲ ਦੀ ਰੂਹ ਗੁਰੂ ਜੀ ਦੇ ਬਚਨਾਂ ਉਪਰ ਟਿਕੀ ਹੋਈ ਹੈ ਜਿਵੇਂ ਇੱਕ ਸ਼ਹਿਦ ਦੀ ਮੱਖੀ ਪਹੁਫੁਟਾਲੇ ਨਾਲ ਰੁਸ਼ਨਾਏ ਸ਼ਹਿਦ ਭਰੇ ਗੁਲਾਬ ਉਤੇ ਟਿਕੀ ਹੋਵੇ।"

## ਬਗਦਾਦ ਤੋਂ ਵਾਪਸੀ :

ਬਗਦਾਦ ਤੋਂ ਗੁਰੂ ਜੀ ਈਰਾਨ, ਤੁਰਕਸਤਾਨ ਅਤੇ ਅਫਗਾਨਿਸਤਾਨ ਵਿੱਚੋਂ ਲੰਘਦੇ ਹੋਏ ਕਾਬਲ ਪੁੱਜੇ। ਕਈ ਲੇਖਕਾਂ ਦਾ ਵਿਸ਼ਵਾਸ਼ ਹੈ ਕਿ ਗੁਰੂ ਜੀ ਨੇ ਆਪ ਪ੍ਰਚਲਤ ਰਾਹ ਬਗਦਾਦ ਤੋਂ ਤਹਿਰਾਨ, ਕੰਧਾਰ ਵੱਲ ਲਿਆ ਅਤੇ ਕਾਬਲ ਪੁੱਜੇ। ਰਾਹ ਵਿੱਚ ਉਹ ਮਹਿਦ ਵਿੱਚੋਂ ਲੰਘੇ। ਭਾਈ ਮਨੀ ਸਿੰਘ ਦੀ ਜਨਮ ਸਾਖੀ ਵਿੱਚ ਗੁਰੂ ਜੀ ਦਾ ਇਸ ਥਾਂ ਆਉਣ ਬਾਰੇ ਸੰਕੇਤ ਹੈ। ਗੁਰੂ ਜੀ ਦੀ ਕਾਬਲ ਫੇਰੀ ਤੋਂ ਲੈ ਕੇ ਹੁਣ ਤਕ ਸਿੱਖਾਂ ਨੇ ਉਸ ਇਲਾਕੇ ਨਾਲ ਸੰਬੰਧ ਬੜੇ ਧਿਆਨ ਨਾਲ ਬਣਾਈ ਰਖਿਆ ਹੋਇਆ ਹੈ। ਉਥੇ ਸਿੱਖ ਪ੍ਰਚਾਰਕ ਰੱਖੇ ਹੋਏ ਸਨ ਜੋ ਗੁਰੂ ਜੀ ਦੇ ਉਪਦੇਸ਼ਾਂ ਦਾ ਪ੍ਰਸਾਰ ਕਰਦੇ ਸਨ। ਇੱਕ ਸਮੇਂ ਭਾਈ ਗੁਰਦਾਸ ਜੀ ਵੀ ਕਾਬਲ ਵਿੱਚ ਸਿੱਖ ਪ੍ਰਚਾਰਕ ਦੇ ਤੌਰ ਤੇ ਸੇਵਾ ਕਰਦੇ ਰਹੇ ਸਨ।

ਕਾਬਲ ਤੋਂ ਗੁਰੂ ਜੀ ਜਲਾਲਾਬਾਦ, ਸੁਲਤਾਨਪੁਰ ਵੱਲ ਚੱਲ ਪਏ ਅਤੇ ਖੈਬਰ ਦੱਰੇ ਵਿੱਚੋਂ ਲੰਘਕੇ ਪਸ਼ਾਵਰ ਪੁੱਜੇ। ਜਲਾਲਾਬਾਦ ਅਤੇ ਸੁਲਤਾਨਪੁਰ ਗੁਰੂ ਜੀ ਦੀ ਆਮਦ ਦੀ ਯਾਦ ਵਿੱਚ ਗੁਰਦਵਾਰੇ ਬਣੇ ਹੋਏ ਹਨ। ਉਨ੍ਹਾਂ ਦੀ ਫੇਰੀ ਨਾਲ ਸਬੰਧਤ ਪਾਣੀ ਦੇ ਚਸ਼ਮੇ ਵੀ ਉਥੇ ਹਨ। ਗੁਰੂ ਜੀ ਗੋਰਖ ਹਟਰੀ ਗਏ ਅਤੇ ਉਥੇ ਜੋਗੀਆਂ ਨਾਲ ਵਿੱਚਾਰ ਵਟਾਂਦਰਾ ਕੀਤਾ। ਉਥੋਂ ਗੁਰੂ ਜੀ ਹਸਨ ਅਬਦਾਲ ਆਏ, ਜੋ ਹੁਣ ਪੰਜਾ ਸਾਹਿਬ ਨਾਮ ਨਾਲ ਪ੍ਰਸਿਧ ਹੈ ਅਤੇ ਇੱਕ ਪਹਾੜੀ ਦੇ ਪੈਰਾਂ ਵਿੱਚ ਸਥਿਤ ਹੈ।

## ਗੁਰੂ ਨਾਨਕ ਜੀ ਅਤੇ ਵਲੀ ਕੰਧਾਰੀ :

ਇੱਕ ਛੋਟੀ ਪਹਾੜੀ ਦੀ ਚੋਟੀ ਤੇ ਇੱਕ ਮੁਸਲਮਾਨ ਫਕੀਰ ਰਹਿੰਦਾ ਸੀ ਜਿਸਦਾ ਨਾਮ ਵਲੀ ਕੰਧਾਰੀ ਸੀ ਅਤੇ ਉਸ ਇਲਾਕੇ ਵਿੱਚ ਆਪਣੀਆਂ ਕਰਾਮਾਤੀ ਸ਼ਕਤੀਆਂ ਕਾਰਨ ਚੰਗਾ ਪ੍ਰਸਿੱਧ ਸੀ। ਮਰਦਾਨੇ ਨੂੰ ਪਾਣੀ ਦੀ ਲੋੜ ਪਈ ਜੋ ਕੇਵਲ ਵਲੀ ਕੋਲੋਂ ਹੀ ਮਿਲ ਸਕਦਾ ਸੀ। ਮਰਦਾਨਾ ਉਸ ਕੋਲ ਗਿਆ ਅਤੇ ਉਸਨੂੰ ਦੱਸਿਆ ਕਿ ਗੁਰੂ ਨਾਨਕ ਜੀ ਆਏ ਹੋਏ ਹਨ ਜੋ ਅੱਲ੍ਹਾ ਦੇ ਬੜੇ ਪਹੁੰਚੇ ਹੋਏ ਮਹਾਤਮਾ ਹਨ। ਮਰਦਾਨੇ ਨੇ ਵਲੀ ਨੂੰ ਪਹਾੜੀ ਤੋਂ ਹੇਠਾਂ ਆਕੇ ਗੁਰੂ ਜੀ ਦੇ ਦਰਸ਼ਨ ਕਰਨ ਦੀ ਸਲਾਹ ਦਿੱਤੀ। ਵਲੀ ਕੇਵਲ ਆਪਣੇ ਆਪ ਨੂੰ ਹੀ ਰੂਹਾਨੀਅਤ ਦਾ ਮਾਲਕ ਸਮਝਦਾ ਸੀ। ਉਸ ਨੇ ਗੁਰੂ ਜੀ ਦੀ ਵਡਿਆਈ ਸੁਣਕੇ ਆਪਣੀ ਬੇਇਜ਼ਤੀ ਸਮਝੀ, ਅਤੇ ਮਰਦਾਨੇ ਨੂੰ ਪਾਣੀ ਦੇਣ ਤੋਂ ਨਾਂਹ ਕਰ ਦਿਤੀ, ਇਹ ਕਹਿਕੇ ਕਿ ਜੇ ਗੁਰੂ ਐਡਾ ਮਹਾਤਮਾ ਪੁਰਸ਼ ਹੈ ਤਾਂ ਉਹ ਤੈਨੂੰ ਪਾਣੀ ਪੈਦਾ ਕਰਕੇ ਦੇ ਸਕਦਾ ਹੈ। ਮਰਦਾਨੇ ਤੋਂ ਇਹ ਉਤਰ ਸੁਣਕੇ ਗੁਰੂ ਜੀ ਨੇ ਮਰਦਾਨੇ ਨੂੰ ਫਿਰ ਵਲੀ ਕੋਲ ਭੇਜਿਆ ਇਹ ਸੰਦੇਸ਼ਾ ਦੇਕੇ ਕਿ ਉਸ ਨੂੰ ਕਹੋ ਗੁਰੂ ਰੱਬ ਦਾ ਇੱਕ ਗਰੀਬੜਾ ਜੀਵ ਹੈ ਅਤੇ ਸੰਤ ਹੋਣ ਦਾ ਕੋਈ ਹੱਕ ਨਹੀਂ ਜਿਤਾਉਂਦਾ। ਵਲੀ ਨੇ ਇਸ ਦੀ ਕੋਈ ਪਰਵਾਹ ਨ ਕੀਤੀ ਅਤੇ ਇਸ ਵੇਰ ਵੀ ਮਰਦਾਨੇ ਨੂੰ ਪਾਣੀ ਦੇਣ ਤੋਂ ਨਾਂਹ ਕਰ ਦਿਤੀ।

ਇਸਤੇ ਗੁਰੂ ਜੀ ਨੇ ਬੈਠਿਆਂ ਆਪਣੇ ਕੋਲ ਇੱਕ ਪੱਥਰ ਚੁਕਿਆ ਅਤੇ ਉਸੇ ਵਕਤ ਉਥੇ ਪਾਣੀ ਦੀ ਧਾਰਾ ਫੁਟ ਪਈ। ਅਸਲ ਵਿੱਚ ਪਾਣੀ ਦੀ ਇਹ ਧਾਰਾ ਵਲੀ ਦੇ ਤਲਾਅ ਵਿੱਚੋਂ ਆਈ ਸੀ ਜੋ ਖਾਲੀ ਹੋ ਗਿਆ। ਇਸ ਨੇ ਕੁਦਰਤੀ, ਵਲੀ ਦੇ ਗੁੱਸੇ ਨੂੰ ਵਧਾ ਦਿਤਾ ਅਤੇ ਕਿਹਾ ਜਾਂਦਾ ਹੈ ਕਿ ਉਸਨੇ ਆਪਣੀਆਂ ਕਰਾਮਾਤੀ ਸ਼ਕਤੀਆਂ ਨਾਲ ਪਹਾੜੀ ਦਾ ਇੱਕ ਛੋਟਾ ਹਿਸਾ ਬੇਕਸੂਰ ਗੁਰੂ ਜੀ ਦੇ ਸਿਰ ਵਲ ਵਗਾਹ ਮਾਰਿਆ। ਗੁਰੂ ਜੀ ਨੇ ਉਪਰੋਂ ਆ ਰਿਹਾ ਪਹਾੜੀ ਦਾ ਟੁਕੜਾ ਵੇਖਦਿਆਂ ਆਪਣਾ ਸੱਜਾ ਹੱਥ ਉਤਾਂਹ ਚੁਕਿਆ ਅਤੇ ਉਸ ਟੁਕੜੇ ਨੂੰ ਜਿਉਂ ਹੀ ਇਲਾਹੀ ਗੁਰੂ ਜੀ ਦੇ ਹੱਥ ਦੀ ਛੋਹ ਮਿਲੀ ਉਹ ਉਥੇ ਹੀ ਰੁਕ ਗਿਆ। ਇਲਾਹੀ ਛੋਹ ਮਿਲਦਿਆਂ ਹੀ ਉਹ ਪਥਰ ਮੋਮ ਵਾਂਗ ਨਰਮ ਹੋ ਗਏ ਅਤੇ ਗੁਰੂ ਜੀ ਦੇ ਹੱਥ ਦਾ ਅਮਿਟ ਡੂੰਘਾ ਨਿਸ਼ਾਨ ਪੈ ਗਿਆ। ਵਲੀ ਕੰਧਾਰੀ ਬੜਾ ਹੀ ਹੈਰਾਨ ਹੋਇਆ ਅਤੇ ਆਕੇ ਗੁਰੂ ਜੀ ਦੇ ਚਰਨਾਂ ਤੇ ਢੱਠਕੇ ਮੁਆਫੀ ਮੰਗਣ ਲਗਾ। ਗੁਰੂ ਨੇ ਬਚਨ ਕੀਤਾ, "ਓ ਮਿਤਰਾ, ਜੋ ਪੁਰਸ਼ ਐਨੀ ਉਚੀ ਥਾਂ ਤੇ ਵੱਸਦੇ ਹਨ ਉਹਨਾਂ ਨੂੰ ਦਿਲੋਂ ਪੱਥਰ ਵਰਗਾ ਨਹੀਂ ਹੋਣਾ ਚਾਹੀਦਾ।" ਵਲੀ ਨੇ ਗੁਰੂ ਜੀ ਤੋਂ ਬਖ਼ਸ਼ਿਸ਼ ਪ੍ਰਾਪਤ ਕੀਤੀ।

ਗੁਰੂ ਜੀ ਦੇ ਪੰਜੇ ਦਾ ਨਿਸ਼ਾਨ ਉਸ ਪੱਥਰ ਤੇ ਅਜੇ ਵੀ ਦਿਸਦਾ ਹੈ ਅਤੇ ਉਥੋਂ ਨਿਰਮਲ ਸਵੱਛ ਜਲ ਦਾ ਪਰਵਾਹ ਹਾਲਾਂ ਵੀ ਚਲ ਰਿਹਾ ਹੈ। ਇਸ ਅਸਥਾਨ ਤੇ ਇੱਕ ਗੁਰਦਵਾਰਾ 'ਪੰਜਾ ਸਾਹਿਬ' ਨਾਮ ਦਾ ਬਣਿਆ ਹੋਇਆ ਹੈ। ਹੁਣ ਇਹ ਪਾਕਿਸਤਾਨ ਵਿੱਚ ਹੈ।

## ਗੁਰੂ ਜੀ ਸੈਦਪੁਰ ਆਏ :

ਓਥੋਂ ਗੁਰੂ ਜੀ ਦੂਜੀ ਵਾਰ ਸੈਦਪੁਰ ਜਾਂ ਸੱਯਦਪੁਰ ਆਏ ਜੋ ਹੁਣ ਏਮਨਾਬਾਦ ਕਰਕੇ ਜਾਣਿਆ ਜਾਂਦਾ ਹੈ। ਇਥੇ ਗੁਰੂ ਜੀ ਫਿਰ ਭਾਈ ਲਾਲੋ ਨੂੰ ਮਿਲੇ। ਲਾਲੋ ਨੇ ਗੁਰੂ ਜੀ ਕੋਲ ਪਠਾਨਾਂ ਵਲੋਂ ਹੋ ਰਹੇ ਜਬਰ ਦਾ ਗਿਲਾ ਕੀਤਾ। ਇਹ ਪਠਾਣ ਐਸ਼ ਦਾ ਜੀਵਨ ਬਿਤਾ ਰਹੇ ਅਤੇ ਦੂਜਿਆਂ ਬਾਰੇ ਰਤਾ ਪ੍ਰਵਾਹ ਨਹੀਂ ਕਰ ਰਹੇ ਸਨ। ਗੁਰੂ ਜੀ ਨੇ ਉਤ੍ਰ ਦਿਤਾ ਕਿ ਇਹਨਾਂ ਪਠਾਣਾਂ ਦਾ ਰਾਜ ਥੋੜਾ ਕੁ ਸਮਾਂ ਰਹਿਣ ਵਾਲਾ ਹੈ ਕਿਉਂਕਿ ਬਾਬਰ ਭਾਰਤ ਫਤਹਿ ਕਰਨ ਵਾਸਤੇ ਆ ਰਿਹਾ ਹੈ। ਬਾਬਰ ਨੇ ਪੰਜਾਬ ਉਤੇ ਤੀਜੀ ਵਾਰ ਹਮਲਾ ਸੰਨ ੧੫੨੧ ਵਿੱਚ ਕੀਤਾ। ਉਸਨੇ ਏਮਨਾਬਾਦ ਨੂੰ ਤਬਾਹ ਕਰਕੇ ਕਤਲ, ਲੁੱਟਮਾਰ ਅਤੇ ਬਲਾਤਕਾਰ ਮਚਾ ਦਿਤੇ। ਇਹ ਬੜਾ ਭਿਆਨਕ ਨਜ਼ਾਰਾ ਸੀ ਜਿਸਦਾ ਗੁਰੂ ਜੀ ਨੇ ਆਪ ਵਰਨਣ ਕਰਦਿਆਂ ਦੱਸਿਆ ਹੈ ਕਿ ਕੁਆਰੀਆਂ ਅਤੇ ਸੁੰਦਰ ਇਸਤਰੀਆਂ ਦੇ ਸਿਰ ਘੱਟੇ ਮਿਟੀ ਵਿੱਚ ਰੁਲ ਰਹੇ ਸਨ।

ਬਹੁਤ ਸਾਰੇ ਲਿਖਾਰੀਆਂ ਜਿਨ੍ਹਾਂ ਵਿੱਚ ਕਈ ਸਿੱਖ ਵੀ ਹਨ, ਨੇ ਕਿਹਾ ਹੈ ਕਿ ਭਿਆਨਕ ਨਜ਼ਾਰਾ ਵੇਖ ਕੇ ਗੁਰੂ ਜੀ ਨੇ, ਦਰਦ ਭਰਿਆਂ, ਅਕਾਲ ਪੁਰਖ ਪਾਸ ਅਰਜੋਈ ਕੀਤੀ ਕਿ–

"ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨ ਆਇਆ।"

(ਆਸਾ ਮਹਲਾ ੧, ਪੰਨਾ ੩੬੦)

ਅਤੇ ਉਹ ਇਸਦਾ ਅਨੁਵਾਦ ਕਰਦੇ ਹਨ:

"ਹੇ ਅਕਾਲ ਪੁਰਖ, ਜਦ ਐਨਾ ਕਤਲ ਅਤੇ ਕੁਰਲਾਹਟ ਮਚੇ ਹੋਏ ਹਨ ਤੁਸਾਨੂੰ ਕੋਈ ਪੀੜਾ ਨਹੀਂ ਹੋਈ?"

ਆਉ ਵੇਖੀਏ ਕਿ ਇਹ ਲਿਖਾਰੀ ਠੀਕ ਕਹਿ ਰਹੇ ਹਨ। ਕੀਹ ਗੁਰੂ ਜੀ ਨੇ ਇਤਨੇ ਦਰਦ ਭਰੀ ਅਰਜੋਈ ਅਕਾਲ ਪੁਰਖ ਜੋਗ ਕੀਤੀ ਕਿ ਨਹੀਂ?

(ੳ) ਜਪੁਜੀ ਦੀ ਪਹਿਲੀ ਪਉੜੀ ਵਿੱਚ, ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪੰਨੇ ਤੇ ਹੀ, ਗੁਰੂ ਜੀ ਉਪਦੇਸ਼ ਦਿੰਦੇ ਹਨ:

"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ।"

ਅਰਥਾਤ, "ਹੇ ਨਾਨਕ, ਅਕਾਲ ਪੁਰਖ ਦੀ ਰਜ਼ਾ ਵਿੱਚ ਇਹੀ ਲਿਖਿਆ ਹੈ ਅਤੇ ਇਸੇ ਰਜ਼ਾ ਵਿੱਚ ਚੱਲ।"

ਫਿਰ ਆਸਾ ਮਹਲਾ ੫, ਪੰਨਾ ੩੯੪ ਤੇ ਅੰਕਿਤ ਹੈ:–

"ਤੇਰਾ ਭਾਣਾ ਮੀਠਾ ਲਾਗੇ। ਹਰਿ ਨਾਮ ਪਦਾਰਥ ਨਾਨਕ ਮਾਂਗੇ।"

ਅਰਥਾਤ, "ਹੇ ਅਕਾਲ ਪੁਰਖ, ਜੋ ਤੇਰੇ ਭਾਣੇ ਵਿੱਚ ਵਰਤ ਰਿਹਾ ਹੈ ਉਹ ਭਾਣਾ ਮਿੱਠਾ ਲਗਦਾ ਹੈ। ਨਾਨਕ ਨੂੰ ਨਾਮ ਦੀ ਦਾਤ ਬਖਸ਼ੋ।"

ਇਹਨਾਂ ਉਪਰ ਦੱਸੀਆਂ ਤੁਕਾਂ ਦਾ ਭਾਵ ਤਾਂ ਇਹ ਹੈ ਕਿ ਜੀਵਨ ਵਿੱਚ ਜੋ ਕੁਝ ਵਾਪਰ ਰਿਹਾ ਹੈ ਉਸਨੂੰ ਅਕਾਲ ਪੁਰਖ ਦਾ ਭਾਣਾ ਮੰਨਕੇ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਗੁਰੂ ਨਾਨਕ ਜੀ ਦੇ ਘਰ ਅਥਰੂਆਂ ਅਤੇ ਵਿਰਲਾਪ ਲਈ ਕੋਈ ਥਾਂ ਨਹੀਂ। ਉਥੇ ਅਕਾਲ ਪੁਰਖ ਦੀ ਰਜ਼ਾ ਅੱਗੇ ਫਰਿਆਦ ਕਰਨ ਦੀ ਵੀ ਥਾਂ ਨਹੀਂ। ਮਨੁੱਖ ਨੂੰ ਅਕਾਲ ਪੁਰਖ ਦੀ ਰਜ਼ਾ ਨੂੰ ਜੀਵਨ ਦੀ ਸਭ ਤੋਂ ਮਿਠੀ ਦਾਤ ਵਾਂਗ ਛਾਤੀ ਨਾਲ ਲਾਉਣਾ ਜ਼ਰੂਰੀ ਹੈ। ਜਪੁਜੀ ਰਾਹੀਂ ਗੁਰੂ ਜੀ ਨੇ ਮਨੁੱਖ ਜਾਤੀ ਲਈ ਇਹ ਪਹਿਲੀ ਸਿੱਖਿਆ ਦਿਤੀ। ਤਦ ਗੁਰੂ ਜੀ ਕਿਸ ਤਰ੍ਹਾਂ ਪੀੜ ਮਹਿਸੂਸ ਕਰਦੇ? ਕੀਹ ਅਕਾਲ ਪੁਰਖ ਦੀ ਜੋਤਿ ਵੀ ਦਰਦ ਮਹਿਸੂਸ ਕਰਦੀ ਹੈ?

(ਅ) ਗੁਰੂ ਜੀ ਵਿਸ਼ਵਾਸ਼ ਕਰਾਉਂਦੇ ਹਨ ਕਿ ਅਕਾਲ ਪੁਰਖ ਦਾ ਸੱਚਾ ਸ਼ਰਧਾਲੂ ਜੋ ਵੀ ਅਰਦਾਸਾਂ ਕਰਦਾ ਹੈ ਉਹ ਸਦਾ ਸੁਣੀਆਂ ਜਾਂਦੀਆਂ ਹਨ ਅਤੇ ਅਕਾਲ ਪੁਰਖ ਉਨ੍ਹਾਂ ਨੂੰ ਪਰਵਾਨ ਕਰਦੇ ਹਨ:

"ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾਂ ਸਚੁ ਹੋਵੈ।"

(ਧਨਾਸਰੀ ਮਹਲਾ ੫, ਪੰਨਾ ੬੮੧)

ਅਰਥਾਤ, ਅਕਾਲ ਪੁਰਖ ਦਾ ਸੱਚਾ ਸੇਵਕ ਜੋ ਕਹਿੰਦਾ ਹੈ, ਹੇ ਨਾਨਕ ਉਹ ਇਸ ਜਹਾਨ ਅਤੇ ਅਗਲੇ ਜਹਾਨ ਵਿੱਚ ਵੀ ਸੱਚੀ ਗੱਲ ਹੋਵੇਗਾ।

ਗੁਰੂ ਜੀ ਰੱਬੀ ਜੋਤਿ ਸਨ। ਸੋ ਪੁਰਖ ਜੇ ਅਕਾਲ ਪੁਰਖ ਅਗੇ ਉਨ੍ਹਾਂ ਨੇ ਅਰਜੋਈ ਕੀਤੀ ਤਾਂ ਅਕਾਲ ਪੁਰਖ ਇਸਨੂੰ ਪ੍ਰਵਾਨ ਕਰਕੇ ਬਾਬਰ ਨੂੰ ਦੰਡ ਦਿੰਦੇ। ਪਰ ਇਤਿਹਾਸ ਦੱਸਦਾ ਹੈ ਕਿ ਬਾਬਰ ਨੂੰ ਸਗੋਂ ਸਤ ਕੁਲਾਂ ਤਕ ਰਾਜ ਬਖਸ਼ਿਆ ਗਿਆ ਸੀ।

(ੲ) ਗੁਰੂ ਜੀ ਏਮਨਾਬਾਦ ਬਾਬਰ ਦੇ ਇਸ ਸ਼ਹਿਰ ਉਤੇ ਹਮਲਾ ਕਰਨ ਤੋਂ ਪਹਿਲਾਂ ਪਹੁੰਚ ਚੁੱਕੇ ਹੋਏ ਸਨ ਅਤੇ ਹੇਠ ਲਿਖਿਆ ਸ਼ਬਦ ਉਚਾਰਣ ਕੀਤਾ ਸੀ ਜਿਸ ਵਿੱਚ ਉਨ੍ਹਾਂ ਨੇ ਭਾਈ ਲਾਲੋ ਨੂੰ ਬਾਬਰ ਦੇ ਆਉਣ ਵਾਲੇ ਹਮਲੇ ਅਤੇ ਕਤਲਿਆਮ ਬਾਰੇ ਦੱਸਿਆ ਸੀ। ਗੁਰੂ ਜੀ ਨੇ ਕੁਝ ਲੋਕਾਂ ਨੂੰ ਸ਼ਹਿਰ ਛੱਡਕੇ ਚਲੇ ਜਾਣ ਦੀ ਮਤ ਦਿਤੀ ਸੀ ਅਤੇ ਕਈ ਚਲੇ ਵੀ ਗਏ ਸਨ।

"ਜੈਸੀ ਮੈ ਆਵੈ ਖਸਮ ਕੀ ਬਾਣੀ

ਤੈਸੜਾ ਕਰੀ ਗਿਆਨੁ ਵੇ ਲਾਲੋ।
ਪਾਪ ਕੀ ਜੰਞ ਲੈ ਕਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ।
ਸਰਮੁ ਧਰਮੁ ਦੋਇ ਛਪਿ ਖਲੋਏ
ਕੂੜੁ ਫਿਰੈ ਪਰਧਾਨ ਵੇ ਲਾਲੋ।
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ।
ਮੁਸਲਮਾਨੀਆ ਪੜਹਿ ਕਤੇਬਾ
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।
ਜਾਤਿ ਸਨਾਤੀ ਹੋਰਿ ਹਿਦਵਾਣੀਆ
ਏਹਿ ਭੀ ਲੇਖੈ ਲਾਇ ਵੇ ਲਾਲੋ।
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ।
ਸਾਹਿਬ ਕੇ ਗੁਣ ਨਾਨਕੁ ਗਾਵੈ
ਮਾਸਪੁਰੀ ਵਿਚਿ ਆਖੁ ਮਸੋਲਾ।
ਜਿਨਿ ਉਪਾਈ ਰੰਗਿ ਰਵਾਈ
ਬੈਠਾ ਵੇਖੈ ਵਖਿ ਇੱਕੇਲਾ।
ਸਚਾ ਸੋ ਸਾਹਿਬੁ ਸਚ ਤਪਾਵਸੁ
ਸਚੜਾ ਨਿਆਉ ਕਰੇਗੁ ਮਸੋਲਾ।
ਕਾਇਆ ਕਪੜੁ ਟੁਕੁ ਟੁਕੁ ਹੋਸੀ
ਹਿਦੁਸਤਾਨ ਸਮਾਲਸੀ ਬੋਲਾ।"

(ਤਿਲੰਗ ਮਹਲਾ ੧, ਪੰਨਾ ੭੨੨-੭੨੩)

ਉਪਰ ਦਿਤੀ ਛਾਣਬੀਣ ਤੋਂ ਇਹ ਬੜਾ ਸਾਫ ਜਾਪਦਾ ਹੈ ਕਿ ਗੁਰੂ ਜੀ ਨੇ ਅਕਾਲ ਪੁਰਖ ਅਗੇ ਅਰਜੋਈ ਨਹੀਂ ਕੀਤੀ ਸੀ, ਸਗੋਂ ਨਿਡਰ ਗੁਰੂ ਨਾਨਕ ਜੋਤਿ ਨੇ ਬਾਬਰ ਨੂੰ ਸੰਬੋਧਤ ਕੀਤਾ ਸੀ ਜੋ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਖਿਮਾਂ ਦੀ ਜਾਚਨਾ ਕੀਤੀ।

ਬਾਬਰ ਆਪਣੀਆਂ ਯਾਦਾਂ ਦੀ ਕਿਤਾਬ ਵਿੱਚ ਲਿਖਦਾ ਹੈ: "ਸੈਦਪੁਰ ਦੇ ਵਾਸੀ ਕਤਲ ਕੀਤੇ ਗਏ, ਉਹਨਾਂ ਦੀਆਂ ਤ੍ਰੀਮਤਾਂ ਅਤੇ ਬੱਚੇ ਕੈਦ ਕਰਕੇ ਲਿਜਾਏ ਗਏ ਅਤੇ ਉਨ੍ਹਾਂ ਦੀ ਸਾਰੀ ਜਾਇਦਾਦ ਲੁੱਟ ਲਈ ਗਈ ਸੀ।"

ਬਹੁਤ ਸਾਰੇ ਲੋਕ ਕਤਲ ਕੀਤੇ ਗਏ ਸਨ ਅਤੇ ਬਾਕੀ ਬਚੇ ਹੋਇਆਂ ਵਿੱਚੋਂ ਬਹੁਤ ਸਾਰੇ ਬਾਬਰ ਦੀ ਫੌਜ ਨੇ ਕੈਦ ਕਰ ਲਏ ਸਨ। ਕਿਹਾ ਜਾਂਦਾ ਹੈ ਕਿ ਗੁਰੂ ਜੀ ਅਤੇ ਉਨ੍ਹਾਂ ਦੇ ਰਬਾਬੀ ਮਰਦਾਨੇ ਨੂੰ ਵੀ ਫੜਕੇ ਕੈਦੀਆਂ ਦੇ ਕੈਂਪ ਵਿੱਚ ਲਿਜਾਇਆ ਗਿਆ ਸੀ। ਕੈਦੀਆਂ ਨੂੰ ਹੱਥ ਚੱਕੀਆਂ ਦਿਤੀਆਂ ਗਈਆਂ, ਅਨਾਜ ਪੀਸਣ ਲਈ। ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਅਤੇ ਕੀਰਤਨ ਅਰੰਭ ਕਰ ਦਿਤਾ। ਜਿਉਂ ਹੀ ਇਲਾਹੀ ਸ਼ਬਦ ਗਾਵਿਆ ਗਿਆ ਸਾਰੇ ਕੈਦੀ ਆਕੇ ਗੁਰੂ ਜੀ ਦੁਆਲੇ ਬੈਠ ਗਏ ਅਤੇ ਹਰੇਕ ਚੱਕੀ ਆਪਣੇ ਆਪ ਚਲਣੀ ਸ਼ੁਰੂ ਹੋ ਗਈ। ਇਹ ਕ੍ਰਿਸ਼ਮਾ ਵੇਖ ਕੇ ਸੰਤਰੀ ਚੌਕੀਦਾਰ ਕੀਲੇ ਗਏ। ਬਾਬਰ ਨੂੰ ਖਬਰ ਦਿਤੀ ਗਈ ਤਾਂ ਉਸਨੇ ਆ ਕੇ ਸਾਰਾ ਨਜ਼ਾਰਾ ਆਪਣੀ ਅੱਖੀਂ ਵੇਖਿਆ। ਉਹ ਹੈਰਾਨ ਹੋ ਗਿਆ ਅਤੇ ਗੁਰੂ ਜੀ ਨੂੰ ਪੁੱਛਣ ਲੱਗਾ ਕਿ ਉਹ ਉਨ੍ਹਾਂ ਨੂੰ ਕੁਝ ਭੇਟਾ ਕਰ ਸਕਦਾ ਹੈ? ਗੁਰੂ ਜੀ ਨੇ ਨਿਧੜਕ ਉਤ੍ਰ ਦਿਤਾ:

"ਸੁਣੋ ਬਾਬਰ ਮੀਰ, ਤੇਰੇ ਤੋਂ ਕੁਝ ਮੰਗਣ ਵਾਲਾ ਅਹਿਮਕ ਫਕੀਰ ਹੋਵੇਗਾ, ਜਦ ਤੇਰੀ ਆਪਣੀ ਭੁੱਖ ਹੀ ਪੂਰੀ ਨਹੀਂ ਹੋ ਰਹੀ।"

ਬਾਬਰ ਨੇ ਕਿਹਾ, "ਹੇ ਮਹਾਂਪੁਰਸ਼, ਮੈਨੂੰ ਆਪਦੇ ਚਿਹਰੇ ਵਿੱਚੋਂ ਰੱਬ ਵਿਖਾਈ ਦਿੰਦਾ ਹੈ। ਮੈਨੂੰ ਆਪ ਜੋ ਹੁਕਮ ਕਰੋ ਮੈਂ ਕਰਾਂਗਾ।" ਤਦ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ ਅਤੇ ਕਤਲਿਆਮ ਦਾ ਬਹੁਤ ਸਾਰਾ ਦੋਸ਼ ਬਾਬਰ ਦੇ ਸਿਰ ਲਾਇਆ:

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦੁ ਨ ਆਇਆ।
ਕਰਤਾ ਤੂੰ ਸਭਨਾ ਕਾ ਸੋਈ।
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ।੧।ਰਹਾਉ।

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।"

(ਆਸਾ ਮਹਲਾ ੧, ਪੰਨਾ ੩੬੦)

ਇਹ ਸ਼ਬਦ ਹੈ ਜਿਸ ਬਾਰੇ ਕਈ ਲੇਖਕਾਂ ਦਾ ਵਿੱਚਾਰ ਹੈ ਕਿ ਗੁਰੂ ਜੀ ਨੇ ਇਹ ਅਰਜੋਈ ਅਕਾਲ ਪੁਰਖ ਜੋਗ ਕੀਤੀ ਸੀ। ਅਸਲ ਵਿੱਚ ਇਸ ਸ਼ਬਦ ਰਾਹੀਂ ਗੁਰੂ ਜੀ ਸਾਰਾ ਦੋਸ਼ ਬਾਬਰ ਦੇ ਸਿਰ ਲਾ ਰਹੇ ਸਨ।

ਗੁਰੂ ਜੀ ਨੇ ਬਾਬਰ ਨੂੰ ਪੁਛਿਆ ਕਿ ਜਦ ਤੇਰੀ ਫੌਜ ਸ਼ੇਰ ਦੀ ਤਰ੍ਹਾਂ ਇਹਨਾਂ ਮਾਸੂਮ ਆਦਮੀਆਂ, ਤੀਵੀਆਂ ਅਤੇ ਬੱਚਿਆਂ ਉਤੇ ਟੁੱਟ ਪਈ ਸੀ ਤੈਨੂੰ ਕੋਈ ਦਰਦ ਨਹੀਂ ਹੋਇਆ?

ਬਾਬਰ ਪਛਤਾਵੇ ਨਾਲ ਬਿਹਬਲ ਹੋ ਗਿਆ। ਉਸ ਦੇ ਅੰਦਰ ਇੱਕ ਨਵੀਂ ਇਖਲਾਕੀ ਅਤੇ ਰੂਹਾਨੀ ਚੇਤਨਤਾ ਜਾਗੀ ਅਤੇ ਉਹ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਉਸਨੇ ਗੁਰੂ ਜੀ ਤੋਂ ਮਿਹਰ ਦੀ ਬਖਸ਼ਿਸ਼ ਮੰਗੀ। (ਇਤਿਹਾਸ ਦੱਸਦਾ ਹੈ ਕਿ ਰਾਜੇ, ਮਹਾਪੁਰਸ਼ਾਂ ਫਕੀਰਾਂ ਵਲੋਂ ਸਰਾਪ ਤੋਂ ਸਦਾ ਡਰਦੇ ਸਨ।)

ਗੁਰੂ ਜੀ ਨੇ ਉਤ੍ਰ ਦਿੱਤਾ, "ਬਾਬਰ ਬਾਦਸ਼ਾਹ, ਮਿਹਰ ਦੀ ਬਖਸ਼ਿਸ਼ ਚਾਹੁੰਦਾ ਹੈਂ ਤਾਂ ਆਪਣੇ ਸਾਰੇ ਕੈਦੀਆਂ ਨੂੰ ਰਿਹਾ ਕਰ ਦੇ।" ਬਾਬਰ ਮੰਨ ਗਿਆ ਪਰ ਤਾਂ ਜੇ ਗੁਰੂ ਜੀ ਉਸਦੇ ਰਾਜ 'ਤੇ ਬਖਸ਼ਿਸ਼ ਦਾ ਹੱਥ ਰੱਖਣ ਕਿ ਇਹ ਰਾਜ ਬਹੁਤ ਸਾਰਾ ਸਮਾਂ ਕਾਇਮ ਰਹੇਗਾ।" ਇਸਤੇ ਬਾਦਸ਼ਾਹ ਨੇ ਸਾਰੇ ਕੈਦੀ ਰਿਹਾ ਕਰ ਦੇਣ ਦਾ ਹੁਕਮ ਦੇ ਦਿਤਾ। ਬਾਬਰ ਨੇ ਤਦ ਗੁਰੂ ਜੀ ਅਗੇ ਬੇਨਤੀ ਕੀਤੀ ਕਿ ਰਾਜ ਕਰਨ ਸਬੰਧੀ ਉਸਨੂੰ ਕੁਝ ਹਿਦਾਇਤਾਂ ਬਖਸ਼ਣ।

੧. ਗੁਰੂ ਜੀ ਨੇ ਸਮਝਾਇਆ ਕਿ "ਸਚਾ ਇਨਸਾਫ ਕਰਿਆ ਕਰਨਾ, ਮਹਾਤਮਾ ਪੁਰਸ਼ਾਂ ਫਕੀਰਾਂ ਦਾ ਆਦਰ ਭਾਉ ਕਰਨਾ, ਸ਼ਰਾਬ ਅਤੇ ਜੂਆ ਤਿਆਗਣਾ। ਜਿਹੜਾ ਰਾਜਾ ਇਹਨਾਂ ਔਗੁਣਾਂ ਨੂੰ ਨਹੀਂ ਛੱਡਦਾ, ਜੇ ਉਹ ਜੀਉਂਦਾ ਰਹੇਗਾ, ਉਹ ਆਪਣੇ ਮੰਦੇ ਕਰਮਾਂ ਕਾਰਨ ਰੋਂਦਾ ਕੁਰਲਾਉਂਦਾ ਰਹੇਗਾ। ਹਾਰ ਗਏ ਲੋਕਾਂ ਉਤੇ ਦਇਆਵਾਨ ਰਹਿਣਾ ਅਤੇ ਅਕਾਲਪੁਰਖ ਦੀ, ਚਿਤ ਜੋੜਕੇ ਸੱਚੇ ਦਿਲੋਂ, ਪੂਜਾ ਕਰਨੀ।"

ਹੁਣ ਸਵਾਲ ਉਠਦਾ ਹੈ ਕਿ ਬਾਬਰ ਨੂੰ ਸਜ਼ਾ ਦੇਣ ਦੀ ਥਾਂ ਰਾਜ ਪਾਟ ਕਿਉਂ ਬਖਸ਼ਿਆ? ਗੁਰਬਾਣੀ ਦੱਸਦੀ ਹੈ:-

"ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ।"

(ਬਿਹਾਗੜਾ ਮਹਲਾ ੫, ਪੰਨਾ ੫੪੪)

ਗੁਰੂ ਜੀ ਦਸਦੇ ਹਨ ਕਿ ਉਨ੍ਹਾਂ ਦੇ ਮਾਲਕ (ਅਕਾਲ ਪੁਰਖ) ਦਾ ਗੁਣ ਹੈ ਕਿ ਜੋ ਵੀ ਉਸ ਕੋਲੋਂ ਖਿਮਾਂ ਦੀ ਬਖਸ਼ਿਸ਼ ਦੀ ਜਾਚਨਾ ਕਰਦਾ ਹੈ, ਉਸ ਦੇ ਚਰਨਾਂ ਤੇ ਢਹਿ ਪੈਂਦਾ ਹੈ। ਅਕਾਲਪੁਰਖ ਉਹਨਾਂ ਨੂੰ ਛਾਤੀ ਨਾਲ ਲਾ ਲੈਂਦਾ ਹੈ। ਕਿਉਂਕਿ ਗੁਰੂ ਜੀ ਆਪ ਰੱਬੀ ਜੋਤਿ ਦੇ ਸਰੂਪ ਸਨ, ਉਨ੍ਹਾਂ, ਜਦ ਬਾਬਰ ਨੇ ਖਿਮਾਂ ਦੀ ਬਖਸ਼ਿਸ਼ ਦੀ ਜਾਚਨਾ ਕੀਤੀ, ਬਾਬਰ ਨੂੰ ਖਿਮਾਂ ਕਰ ਦਿਤਾ ਅਤੇ ਉਸਨੂੰ ਮੁਗਲ ਵੰਸ਼ ਦੇ ਚਿਰਸਥਾਈ ਰਾਜ ਦੀ ਬਖਸ਼ਿਸ਼ ਕਰ ਦਿਤੀ।(ਆਖਿਆ ਜਾਂਦਾ ਹੈ ਕਿ ਸਤ ਪਾਤਸ਼ਾਹੀਆਂ ਬਖਸ਼ ਦਿਤੀਆਂ)

## ਗੁਰੂ ਜੀ ਕਰਤਾਰਪੁਰ :

ਤੀਜੀ ਅਤੇ ਆਖਰੀ ਉਦਾਸੀ ਪਿਛੋਂ ਗੁਰੂ ਜੀ ਕਰਤਾਰਪੁਰ ਮੁੜ ਆਏ। ਗੁਰੂ ਜੀ ਨੇ ਸਭ ਪਾਸੇ ਸਫਰ ਨਾਮ ਦੇ ਸਿਧਾਂਤ ਦਾ ਪ੍ਰਚਾਰ ਕਰਨ ਅਤੇ ਲੋਕਾਂ ਦੇ ਮਨਾਂ ਵਿੱਚ ਸੱਚ ਦਾ ਅਨੁਭਵ ਜਗਾਉਣ ਲਿਆ ਕੀਤਾ ਸੀ। ਆਪਣੇ ਕਾਰਜ ਦੇ ਫਲ ਨੂੰ ਪੱਕਿਆਂ ਰੱਖਣ ਲਈ ਗੁਰੂ ਜੀ ਨੇ ਹੋਰਨਾਂ ਧਰਮਾਂ ਦੇ ਕੇਂਦਰਾਂ ਦੇ ਨਾਲ ਨਾਲ ਆਪਣੇ ਪ੍ਰਚਾਰ ਕੇਂਦਰ ਵੀ ਸਥਾਪਨ ਕੀਤੇ ਜਿਨ੍ਹਾਂ ਨੂੰ ਮੰਜੀਆਂ ਕਿਹਾ ਗਿਆ। ਜਦ ਉਨ੍ਹਾਂ ਨੇ ਆਪਣੀਆਂ ਲੰਮੀਆਂ ਉਦਾਸੀਆਂ ਪੂਰੀਆਂ ਕਰ ਲਈਆਂ ਤਾਂ ਆਪਣੀ ਆਯੂ ਦੇ ਬਾਕੀ ਵੀਹ ਕੁ ਵਰ੍ਹੇ ਕਰਤਾਰਪੁਰ ਬਿਤਾਏ। ਉਹ ਜਾਣਦੇ ਸਨ ਕਿ ਜਦ ਤਕ ਉਹ ਆਪਣੇ ਨਵੇਂ ਧਰਮ ਦੀਆਂ ਸਰਗਰਮੀਆਂ ਨੂੰ ਕੇਂਦਰਿਤ ਨਹੀਂ ਕਰਨਗੇ ਤਦ ਤਕ ਇਸਦੇ ਜੀਵਤ ਰਹਿਣ ਦੀ ਆਸ ਨਹੀਂ ਕੀਤੀ ਜਾ ਸਕਦੀ। ਹੁਣ ਤਕ ਸਾਰੇ ਭਾਰਤ, ਸ੍ਰੀ ਲੰਕਾ, ਤਿਬਤ ਅਤੇ ਮਧ-ਪਛਮ ਵਿੱਚ ਸਿੱਖੀ ਦੇ ਕੇਂਦਰ ਕਾਇਮ ਹੋਏ ਹੋਏ ਸਨ। ਹੋਰ ਕਿਸੇ ਧਰਮ ਦੇ ਬਾਨੀ ਨੇ ਆਪਣੇ ਜੀਵਨ ਵਿੱਚ ਪ੍ਰਦੇਸ਼ਾਂ ਦੀਆਂ, ਰਾਸ਼ਟਰੀ ਅੰਤਰ-ਰਾਸ਼ਟਰੀ ਅਤੇ ਸਭਿਆਚਾਰਕ ਹੱਦਾਂ ਬੰਨੇ ਟੱਪਕੇ ਐਨੇ ਵਿਸ਼ਾਲ ਸੰਗਠਨ ਸਥਾਪਤ ਨਹੀਂ ਕੀਤੇ ਸਨ। ਜਦ ਗੁਰੂ ਜੀ ਬਾਹਰਲੇ ਦੇਸ਼ਾਂ ਵਿੱਚ ਆਪਣੇ ਸਫਰ ਤੇ ਗਏ ਤਾਂ ਉਨ੍ਹਾਂ ਨੇ ਉਥੋਂ ਦੇ ਧਰਮ ਅਨੁਸਾਰ ਬਸਤਰ ਪਹਿਣ ਲਏ ਸਨ। ਉਨ੍ਹਾਂ ਥਾਵਾਂ ਦੀ ਪਵਿਤਰਤਾ ਉਨ੍ਹਾਂ ਦੇ ਪਵਿਤਰ ਬਸਤਰਾਂ ਤੋਂ ਵੱਖਰੀ ਨਹੀਂ ਸੀ। ਜਦ ਉਹ ਕਰਤਾਰਪੁਰ ਵਾਪਸ ਆ ਰਹੇ ਤਾਂ ਉਨ੍ਹਾਂ ਨੇ ਯਾਤਰੀ ਬਸਤਰ ਲਾਹ ਦਿਤੇ ਅਤੇ ਗ੍ਰਿਹਸਥੀ ਬਸਤਰ ਪਹਿਣ ਲਏ, ਇਹ ਦੱਸਣ ਲਈ ਵੀ ਕਿ ਉਹ ਇਹ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਦੇ ਸ਼ਰਧਾਲੂ ਤਿਆਗੀ ਜੀਵਨ ਵਲ ਰੁਚਿਤ ਹੋ ਜਾਣ। ਸੋ ਉਹ ਆਪਣੇ ਧਰਮ ਅਸਥਾਨ ਤੇ ਬਿਰਾਜਕੇ ਲੋਕਾਂ ਵਿੱਚ ਪ੍ਰਚਾਰ ਕਰਨ ਲਗ ਗਏ।

## ਸੰਗਤ ਦੀ ਸਥਾਪਨਾ :

ਸਭ ਤੋਂ ਪਹਿਲਾਂ ਗੁਰੂ ਜੀ ਨੇ ਪਵਿਤਰ ਸੰਪਰਦਾਇ ਬਣਾਈ ਅਤੇ ਜਿਥੇ ਸੰਪਰਦਾਇ ਦੇ ਲੋਕ ਇੱਕਤ੍ਰ ਹੁੰਦੇ ਸਨ ਉਸ ਸਥਾਨ ਨੂੰ ਗੁਰਦਵਾਰਾ (ਅਕਾਲ ਪੁਰਖ ਦਾ ਘਰ) ਨਾਮ ਦਿਤਾ। ਇਸ ਇੱਕਤਰਤਾ ਨੂੰ ਸੰਗਤ ਨਾਮ ਦਿਤਾ। ਸਵੇਰੇ ਅੰਮ੍ਰਿਤ ਵੇਲੇ ਉਥੇ ਜਪੁ ਜੀ ਦਾ ਪਾਠ ਕੀਤਾ ਜਾਂਦਾ ਸੀ, ਸੰਧਿਆਂ ਵੇਲੇ ਸੋਦਰ ਦਾ ਪਾਠ ਅਤੇ ਰਾਤੀ ਸੌਣ ਤੋਂ ਪਹਿਲਾਂ ਸੋਹਿਲਾ ਦਾ ਪਾਠ ਹੁੰਦਾ ਸੀ। ਗੁਰੂ ਜੀ ਦੇ ਹੁੰਦਿਆਂ ਸਵੇਰੇ ਅਤੇ ਸ਼ਾਮ ਵੇਲੇ ਵੀ ਕੀਰਤਨ ਹੁੰਦਾ ਸੀ। ਗੁਰੂ ਜੀ ਨੇਮ ਨਾਲ ਧਰਮ ਉਪਦੇਸ਼ ਦਿਆ ਕਰਦੇ ਸਨ। ਇਹ ਉਪਦੇਸ਼ ਇੱਕੱਲੇ ਇੱਕੱਲੇ ਸ਼ਰਧਾਲੂਆਂ ਨੂੰ, ਅਤੇ ਇੱਕਤ੍ਰ ਹੋਈ ਸੰਗਤ ਨੂੰ ਇੱਕੱਠਿਆਂ ਵੀ, ਦਿਤੇ ਜਾਂਦੇ ਸਨ। ਗੁਰੂ ਜੀ ਦੇ ਸਿੱਖ ਬਨਣ ਲਈ ਸ਼ਰਧਾਲੂਆਂ ਨੂੰ ਚਰਨ ਪਾਹੁਲ (ਜਿਸਨੂੰ ਚਰਨਾਮ੍ਰਿਤ ਵੀ ਕਹਿੰਦੇ ਸਨ) ਦਿਤੀ ਜਾਂਦੀ ਸੀ। ਸਿੱਖੀ ਵਿੱਚ ਪ੍ਰਵੇਸ਼ ਕਰਨ ਲਈ ਇਹ ਰਸਮ ਗੁਰੂ ਜੀ ਦੇ ਚਰਨ (ਆਮ ਤੌਰ ਤੇ ਪੈਰ ਦੀ ਉਂਗਲ) ਧੋਕੇ ਉਹ ਪਾਣੀ ਪਿਲਾਉਣ ਨਾਲ ਕੀਤੀ ਜਾਂਦੀ ਸੀ ਅਤੇ ਨਾਲ ਜਪੁਜੀ ਦੇ ਮੂਲ ਮੰਤਰ ਦਾ ਪਾਠ ਕੀਤਾ ਜਾਂਦਾ ਸੀ। ਇਸ ਰਸਮ ਦਾ ਅਰੰਭ ਗੁਰੂ ਜੀ ਨੇ ਆਪ ਕੀਤਾ ਸੀ। ਅਕਾਲਪੁਰਖ ਦੀ ਮਹਾਨਤਾ, ਉਸਦੀ ਮਿਹਰ ਸਦਕਾ ਆਈ ਬਾਣੀ, ਮਨੁਖੀ ਜੀਵਨ ਦੇ ਸੰਕਟ ਅਤੇ ਨਾਮ ਸਿਮਰਨ ਦੀ ਪ੍ਰਮੁਖ ਲੋੜ ਉਤੇ ਜੋਰ ਦਿਤਾ ਜਾਂਦਾ ਸੀ। ਜੋ ਆਪਣੀ ਜਾਤ ਜਾਂ ਧਨ ਦੌਲਤ ਦੇ ਮਾਨ ਵਿੱਚ ਮੱਤੇ ਹੋਏ ਸਨ ਉਹਨਾਂ ਨੂੰ ਕਰੜੀ ਤਾੜਨਾ ਕੀਤੀ ਜਾਂਦੀ ਅਤੇ ਜੋ ਕੋਈ ਵੀ ਧਾਰਮਕ ਭੇਖ ਦੇ ਆਸਰੇ ਸੀ ਉਸਦੀ ਪੂਰੀ ਤਰ੍ਹਾਂ ਨਿਖੇਧੀ ਕੀਤੀ ਜਾਂਦੀ ਸੀ। ਗੁਰੂ ਜੀ ਨੇ ਨੈਤਿਕ ਅਤੇ ਅਧਿਆਤਮਕ ਦੋਹਾਂ ਦਾ ਰਲਵਾਂ ਜੀਵਨ ਦਾ ਮਾਰਗ ਦਸਿਆ। ਜਿਨ੍ਹਾਂ ਨੇ ਇਸ ਵਿੱਚਾਰ ਨੂੰ ਮਨ ਵਿੱਚ ਵਸਾ ਲਿਆ ਉਨ੍ਹਾਂ ਨੇ ਇਸ ਮੂਲ ਗੁਣ ਨੂੰ ਆਪਣੇ ਨਿਤ ਦੇ ਵਿਹਾਰ ਵਿੱਚ ਮਹਿਕਾਉਣ ਦਾ ਜਤਨ ਕੀਤਾ। ਗੁਰੂ ਜੀ ਦੇ ਉਪਦੇਸ਼ ਵਿਸ਼ੇਸ਼ ਕਰਕੇ ਦੋ ਗਲਾਂ ਤੇ ਜੋਰ ਦਿੰਦੇ ਸਨ। ਇੱਕ ਆਪਣੇ ਅਧਿਆਤਮਕ ਅਤੇ ਨੇਤਿਕ ਵਰਤਾਉ ਨੂੰ ਰੀਤਾਂ ਰਸਮਾਂ ਦੇ ਕਾਰਜਾਂ ਤਕ ਹੀ ਸੀਮਤ ਨਹੀਂ ਕਰਨਾ। ਦੂਜਾ, ਆਪਣਾ ਨੈਤਿਕ ਵਿਹਾਰ ਆਪਣੇ ਆਪ ਤਕ ਜਾਂ ਆਪਣੇ ਕਬੀਲੇ, ਨਸਲ, ਜਾਂ ਆਪਣੀ ਧਾਰਮਕ ਸੰਪਰਦਾਇ ਦੀਆਂ ਤੰਗ ਹੱਦਾਂ ਵਿੱਚ ਨਹੀਂ ਰਖਣਾ, ਗੁਰੂ ਜੀ ਦੇ ਉਪਦੇਸ਼ਾਂ ਦਾ ਲੋਕਾਂ ਉਤੇ ਬਹੁਤ ਵੱਡਾ ਪ੍ਰਭਾਵ ਪਿਆ ਅਤੇ ਉਨ੍ਹਾਂ ਵਿੱਚ ਬਹੁਤ ਸਾਰੇ ਗੁਰੂ ਜੀ ਦੇ ਸਿੱਖ ਬਣ ਗਏ। ਬਾਬਾ ਬੁੱਢਾ ਜੀ, ਭਾਈ ਲਹਿਣਾ ਜੀ (ਜੋ ਪਿਛੋਂ ਗੁਰੂ ਅੰਗਦ ਜੀ ਹੋਏ), ਤਾਰੂ ਪੋਪਟ, ਪ੍ਰਿਥੀ, ਖੇੜਾ, ਅਜਿਤਾ ਰੰਧਾਵਾ, ਸ਼ੇਖ ਮੱਲੋ ਅਤੇ ਉਬਰੇ ਖਾਨ ਕੁਝ ਕੁ ਉਦਾਹਰਣਾਂ ਹਨ ਜੋ ਗੁਰੂ ਜੀ ਦੇ ਦਰਸ਼ਨ ਦਰਦਿਆਂ ਹੀ ਸਿੱਖ ਬਣ ਗਏ।

## ਈਮਾਨਦਾਰ ਜੀਵਨ :

ਸ਼ਰਧਾਲੂਆਂ ਵਾਸਤੇ ਦਿਆਨਤਦਾਰ, ਕਰੜੀ ਮਿਹਨਤ ਵਾਲਾ ਜੀਵਨ ਗੁਜ਼ਾਰਣ 'ਤੇ ਜੋਰ ਦਿਤਾ ਜਾਂਦਾ ਸੀ। ਸੰਨਿਆਸ ਦੀ ਤਾਂ ਸਪਸ਼ਟ ਤੌਰ ਤੇ ਮਨਾਹੀ ਸੀ। ਇਸਦੀ ਥਾਂ ਨਿਯਮਬੱਧ ਸੰਸਾਰਕ ਅਤੇ ਪ੍ਰਵਾਰਕ ਜੀਵਨ ਹੀ ਠੀਕ ਰਾਹ ਦੱਸਿਆ ਗਿਆ ਸੀ। ਨੇਕ ਕਰਨੀ ਮਿਹਨਤ ਅਤੇ ਉਸ ਨਾਲ ਕੀਤੀ ਕਮਾਈ ਵਿੱਚੋਂ ਅਕਾਲਪੁਰਖ ਦੇ ਨਾਮ ਹੋਰਨਾਂ ਨਾਲ ਵੰਡਣਾ, ਪ੍ਰਵਾਰ ਦੀ ਪਾਲਣਾ ਕਰਨ ਵਾਲਾ ਨੈਤਿਕ ਢੰਗ ਦਾ ਉਤਸ਼ਾਹੀ ਜੀਵਨ ਸੀ। ਗੁਰੂ ਜੀ ਨੇ ਆਪ ਅਠਾਰਾਂ ਤੋਂ ਵੀਹ ਵਰ੍ਹੇ ਦੀ ਰਹਿੰਦੀ ਆਯੂ ਖੇਤਾਂ ਵਿੱਚ ਹੱਥੀਂ ਕੰਮ ਕਰਕੇ, ਕਰਤਾਰਪੁਰ ਵਿੱਚ ਅਜੇਹੇ ਜੀਵਨ ਦੀ ਮਿਸਾਲ ਕਾਇਮ ਕੀਤੀ।"

ਗੁਰੂ ਜੀ ਨੇ ਜੀਵਨ ਦੇ ਅਜੇਹੇ ਰਾਹ ਲਈ ਜੋਰ ਏਸ ਸ਼ਬਦ ਵਿੱਚ ਵੀ ਦਿਤਾ:

"ਗਿਆਨ ਵਿਹੂਣਾ ਗਾਵੈ ਗੀਤ।
ਭੁਖੇ ਮੁਲਾਂ ਘਰੇ ਮਸੀਤ।[੨੪]
ਮਖਟੂ ਹੋਇ ਕੈ ਕੰਨ ਪੜਾਏ।[੨੫]
ਫਕਰੁ ਕਰੇ ਹੋਰ ਜਾਤਿ ਗਵਾਏ।
ਗੁਰੁ ਪੀਰੁ ਸਦਾਏ ਮੰਗਣੇ ਜਾਇ।
ਤਾ ਕੈ ਮੂਲਿ ਨ ਲਗੀਐ ਪਾਇ।
ਘਾਲਿ ਖਾਇ ਕਿਛੁ ਹਥਹੁ ਦੇਹਿ।
ਨਾਨਕ ਰਾਹੁ ਪਛਾਣਹਿ ਸੇਇ।।"

(ਸਲੋਕ ਮ:੧ ਪੰਨਾ ੧੨੪੫)

## ਗੁਰੂ ਕਾ ਲੰਗਰ :

ਹਰ ਕੋਈ ਆਪਣੇ ਜੀਵਨ ਵਾਸਤੇ ਕਮਾਈ ਕਰਦਾ ਅਤੇ ਆਪਣੀ ਕਮਾਈ ਦਾ ਕੁਝ ਹਿੱਸਾ ਗੁਰੂ ਕੇ ਲੰਗਰ ਲਈ ਦਿੰਦਾ ਸੀ। ਸਾਰੇ ਲੋਕ, ਬ੍ਰਾਹਮਣ ਜਾਂ ਸ਼ੂਦਰ, ਰਾਜਾ ਜਾਂ ਸਾਧਾਰਨ ਮਨੁੱਖ, ਮੁਸਲਮਾਨ ਜਾਂ ਹਿੰਦੂ ਇੱਕ ਪੰਗਤ ਵਿੱਚ ਰਲਕੇ ਇੱਕੋ ਹੀ ਭੋਜਨ, ਗੁਰੂ ਜੀ ਦੇ ਲੰਗਰ ਵਿੱਚ ਬਣਿਆ ਹੋਇਆ, ਖਾਂਦੇ ਸਨ।

## ਬਾਣੀ ਦੀ ਰਚਨਾ ਅਤੇ ਇਸਨੂੰ ਇੱਕਤ੍ਰ ਕਰਨਾ :

ਇਹ ਵਰ੍ਹੇ ਸਨ ਜਦ ਗੁਰੂ ਜੀ ਦੇ ਬਹੁਤ ਸਾਰੇ ਸ਼ਰਧਾਲੂ ਗੁਰੂ ਜੀ ਤੋਂ ਉਪਦੇਸ਼ ਲੈਂਦੇ ਸਨ ਅਤੇ ਉਨ੍ਹਾਂ ਨੂੰ ਕਲਮਬੰਦ ਕਰੀ ਜਾਂਦੇ ਸਨ। ਕਈ ਸ਼ਰਧਾਲੂਆਂ ਨੇ, ਦੱਸਿਆ ਜਾਂਦਾ ਹੈ, ਰੋਜ਼ ਦੇ ਪਾਠ ਅਤੇ ਸ਼ਬਦ ਬਾਣੀ ਨਕਲ ਕਰ ਲਏ ਸਨ। ਇਹ ਸੰਗ੍ਰਹਿ "ਬਾਣੀ ਦੀਆਂ ਪੋਥੀਆਂ" ਨਾਮ ਨਾਲ ਸੱਦੇ ਜਾਂਦੇ ਸਨ। ਗੁਰੂ ਜੀ ਦੇ ਜੀਵਨ ਵਿੱਚ ਅੰਕਿਤ ਬਾਣੀ ਦੀਆਂ ਪੋਥੀਆਂ ਦੂਜੇ ਗੁਰੂ, ਗੁਰੂ ਅੰਗਦ ਦੇਵ ਜੀ ਨੂੰ ਸੌਂਪੀਆਂ ਗਈਆਂ ਸਨ।

## ਕਰਤਾਰਪੁਰ ਤੋਂ ਹੋਰ ਸਫਰ :

ਭਾਵੇਂ ਗੁਰੂ ਜੀ ਆਪਣੀਆਂ ਉਦਾਸੀਆਂ ਪਿਛੋਂ ਕਰਤਾਰਪੁਰ ਆਕੇ ਸਥਿਤ ਹੋ ਗਏ ਸਨ, ਪਰ ਹਾਲਾਂ ਵੀ ਕਰਤਾਰਪੁਰ ਦੁਆਲੇ ਸੌ ਤੋਂ ਦੋ ਸੌ ਮੀਲ ਤਕ ਛੋਟੀਆਂ ਛੋਟੀਆਂ ਫੇਰੀਆਂ ਕਰ ਲੈਂਦੇ ਸਨ। ਗੁਰੂ ਜੀ ਬਹੁਤ ਥਾਵਾਂ ਤੇ ਗਏ ਅਤੇ ਨਾਮ ਦਾ ਉਪਦੇਸ਼ ਦਿਤਾ। ਇਹਨਾਂ ਵਿੱਚੋਂ ਬਹੁਤ ਥਾਵਾਂ ਤੇ ਲੋਕ ਗੁਰੂ ਜੀ ਦੇ ਸਿੱਖ ਬਣ ਗਏ ਅਤੇ ਗੁਰੂ ਜੀ ਦੇ ਸਤਿਕਾਰ ਵਜੋਂ ਗੁਰਦਵਾਰੇ ਬਣਾਏ ਗਏ।

## ਗੁਰੂ ਜੀ ਅਚਲ ਬਟਾਲੇ ਆਏ :

ਕਰਤਾਰਪੁਰ ਤੋਂ ਕੋਈ ੨੫ ਕੁ ਮੀਲ ਤੇ ਅਚਲ ਬਟਾਲਾ ਨਾਮ ਦਾ ਸਥਾਨ ਹੈ ਜਿਥੇ ਸ਼ਿਵਰਾਤਰੀ ਦੇ ਮੇਲੇ ਤੇ ਸੈਂਕੜੇ ਜੋਗੀ ਮੇਲੇ ਵਿੱਚ ਭਾਗ ਲੈਣ ਆਉਂਦੇ ਸਨ। ਗੁਰੂ ਜੀ ਵੀ ਉਥੇ ਆਪਣੇ ਮੱਤ ਦਾ ਪ੍ਰਚਾਰ ਕਰਨ ਲਈ ਗਏ। ਦੂਰੋਂ ਨੇੜਿਉਂ ਹਜ਼ਾਰਾਂ ਲੋਕ ਗੁਰੂ ਜੀ ਦਾ ਦਰਸ਼ਨ ਕਰਨ ਅਤੇ ਉਪਦੇਸ਼ ਸੁਨਣ ਵਾਸਤੇ ਆਏ। ਉਥੇ ਮੇਲੇ ਵਿੱਚ ਤਿੰਨ ਵਖ ਵਖ ਤੰਬੂ (ਦੀਵਾਨ) ਲਗੇ ਹੋਏ ਸਨ, ਇੱਕ ਜੋਗੀਆਂ ਦਾ, ਇੱਕ ਗੁਰੂ ਜੀ ਦਾ ਅਤੇ ਤੀਜਾ ਗਾਉਣ ਵਾਲਿਆਂ ਦੀ ਇੱਕ ਟੋਲੀ ਦਾ। ਜੋਗੀਆਂ ਨਾਲੋਂ ਗੁਰੂ ਜੀ ਦੇ ਤੰਬੂ ਵੱਲ ਵੱਧ ਤੋਂ ਵੱਧ ਲੋਕ ਆਉਂਦੇ ਗਏ। ਇਸਤੋਂ ਜੋਗੀ ਬੜੇ ਗੁੱਸੇ ਵਿੱਚ ਆਏ ਅਤੇ ਈਰਖਾ ਨਾਲ ਭਰ ਗਏ। ਉਹਨਾਂ ਨੇ ਗੁਰੂ ਜੀ ਨੂੰ ਨੀਚਾ ਵਿਖਾਉਣ ਦਾ ਇਰਾਦਾ ਕਰ ਲਿਆ।

ਗਾਉਣ ਵਾਲਿਆਂ ਨੂੰ ਜੋ ਵੀ ਰੁਪਏ ਪੈਸੇ ਮਿਲ ਰਹੇ ਸਨ ਉਹ ਇੱਕ ਕਟੋਰੇ ਵਿੱਚ ਇੱਕੱਠਾ ਰੱਖੀ ਜਾਂਦੇ ਸਨ। ਜੋਗੀਆਂ ਨੇ ਕਿਸੇ ਤਰ੍ਹਾਂ ਉਹ ਰੁਪਏ ਪੈਸਿਆਂ ਨਾਲ ਭਰਿਆ ਕਟੋਰਾ ਉਥੋਂ ਛਪਣ ਕਰਾਕੇ ਕਿਸੇ ਥਾਂ ਲੁਕਾ ਦਿਤਾ, ਇਹ ਸੋਚ ਕੇ ਕਿ ਗਵੱਈਏ ਗੁਰੂ ਜੀ ਕੋਲ ਕਟੋਰਾ ਲੱਭਣ ਲਈ ਸਹਾਇਤਾ ਮੰਗਣ ਜਾਣਗੇ ਅਤੇ ਜੇ ਗੁਰੂ ਜੀ ਪਤਾ ਨਾ ਲਗਾ ਸਕੇ ਤਾਂ ਉਨ੍ਹਾਂ ਦੀ ਹੀਣਤਾ ਹੋ ਜਾਏਗੀ।

ਗੁਰੂ ਜੀ ਦੀ ਮਹਾਨਤਾ ਜਾਣਦੇ ਹੋਏ ਗਵੱਈਏ ਗੁਰੂ ਜੀ ਕੋਲ ਸਹਾਇਤਾ ਲਈ ਬੇਨਤੀ ਕਰਨ ਆਏ। ਨਿਰਾਲੇ ਗੁਰੂ ਜੀ ਨੇ ਉਹਨਾਂ ਨੂੰ ਜੋਗੀਆਂ ਦੀ ਸ਼ਰਾਰਤ ਬਾਰੇ ਦੱਸਿਆ ਅਤੇ ਕਟੋਰਾ ਲੱਭ ਦਿਤਾ। ਇਸ ਤਰ੍ਹਾਂ ਜੋਗੀਆਂ ਨੂੰ ਬਹੁਤ ਬੁਰੀ ਹਾਰ ਹੋਈ।

ਜੋਗੀਆਂ ਵਲੋਂ ਦੂਜਾ ਹੱਲਾ ਗੁਰੂ ਜੀ ਨਾਲ ਗੋਸ਼ਟੀ ਕਰਨ ਦਾ ਸੋਚਿਆ ਗਿਆ। ਜਿਵੇਂ ਪਹਿਲਾਂ ਦੱਸ ਆਏ ਹਾਂ, ਗੁਰੂ ਜੀ ਨੇ ਆਪਣੀਆਂ ਉਦਾਸੀਆਂ ਪਿਛੋਂ ਯਾਤਰਾ ਵਾਲੇ ਬਸਤਰ ਲਾਹ ਦਿੱਤੇ ਅਤੇ ਸਾਧਾਰਨ ਗ੍ਰਹਿਸਥੀਆਂ ਵਾਲੇ ਬਸਤਰ ਪਹਿਣ ਰਖੇ ਸਨ। ਜੋਗੀਆਂ ਨੇ ਕਿਹਾ, "ਹੇ ਗੁਰੂ, ਆਪ ਇੱਕ ਮਹਾਤਮਾ ਹੋ ਪਰ ਕਪੜੇ ਗ੍ਰਹਿਸਥੀਆਂ ਵਾਲੇ ਪਾਏ ਹੋਏ ਹਨ। ਇੱਕ ਮਹਾਤਮਾ ਪੁਰਸ਼ ਗ੍ਰਿਹਸਥੀ ਜੀਵਨ ਬਤੀਤ ਕਿਉਂ ਕਰੇ?" ਭੰਗਰਨਾਥ

[੨੬] ਨੇ ਵੀ ਇੱਕ ਸਵਾਲ ਕੀਤਾ, "ਜਦ ਦੁਧ ਖੱਟਾ ਹੋ ਜਾਵੇ ਤਾਂ ਉਸ ਵਿੱਚੋਂ, ਮਥਣ ਨਾਲ, ਮੱਖਨ ਨਹੀਂ ਨਿਕਲਦਾ। ਆਪ ਨੇ ਸੰਨਿਆਸੀਆਂ ਵਾਲੇ ਬਸਤਰ ਲਾਹ ਕੇ ਸਾਧਾਰਨ ਬਸਤਰ ਕਿਉਂ ਪਹਿਣੇ ਹੋਏ ਹਨ?"

ਗੁਰੂ ਜੀ ਨੇ ਉਤ੍ਰ ਦਿੱਤਾ, "ਭੰਗਰਨਾਥ ਜੀ, ਆਪ ਦੀ ਮਾਤਾ ਕੁਚੱਜੀ ਸੀ। ਉਸ ਨੂੰ ਪਤਾ ਨਹੀਂ ਸੀ ਕਿ ਰਿੜਕਣ ਵਾਲੀ ਚਾਟੀ ਨੂੰ ਕਿਵੇਂ ਧੋਕੇ ਸਾਫ ਰੱਖਣਾ ਹੈ ਅਤੇ ਇਸ ਕਾਰਨ ਤੈਨੂੰ ਜਨਮ ਦਿੰਦਿਆਂ ਮਖਣ ਖਰਾਬ ਕਰ ਦਿਤਾ। ਆਪ ਗ੍ਰਹਿਸਥੀ ਜੀਵਨ ਤਿਆਗਕੇ ਸੰਨਿਆਸੀ ਬਣ ਗਏ ਹੋ ਅਤੇ ਫਿਰ ਗ੍ਰਹਿਸਥੀਆਂ ਦੇ ਘਰਾਂ ਤੋਂ ਮੰਗਣ ਜਾਂਦੇ ਹੋ।"

ਇਸਤੋਂ ਜੋਗੀ ਕ੍ਰੋਧ ਵਿੱਚ ਆ ਗਏ ਅਤੇ ਆਪਣੀਆਂ ਕਰਾਮਾਤੀ ਸ਼ਕਤੀਆਂ ਨਾਲ ਗੁਰੂ ਜੀ ਨੂੰ ਜਿਚ ਕਰਨਾ ਸ਼ੁਰੂ ਕੀਤਾ। ਇੱਕ ਜੋਗੀ ਕਾਲਾ ਨਾਗ ਬਣਕੇ ਗੁਰੂ ਜੀ ਨੂੰ ਡਰਾਉਣ ਲੱਗਾ, ਦੂਜਾ ਬਘਿਆੜ ਬਣ ਗਿਆ ਅਤੇ ਇੱਕ ਹੋਰ ਨੇ ਅੱਗ ਦੀ ਵਰਖਾ ਸ਼ੁਰੂ ਕਰ ਦਿਤੀ। ਸ਼ਕਤੀਸ਼ਾਲੀ ਗੁਰੂ ਜੀ ਅਡੋਲ ਬੈਠੇ ਰਹੇ, ਬਿਨਾਂ ਘਬਰਾਏ ਅਤੇ ਬਿਨਾਂ ਕਿਸੇ ਹਾਨੀ ਪਹੁੰਚਣ ਤੋਂ। ਜਦ ਜੋਗੀ ਬੁਰੀ ਤਰ੍ਹਾਂ ਹਾਰ ਗਏ ਤਾਂ ਭੰਗਰਨਾਥ [੨੬] ਨੇ ਗੁਰੂ ਜੀ ਤੋਂ ਪੁਛਿਆ ਕਿ ਆਪ ਨੇ ਸੰਸਾਰ ਭਰ ਨੂੰ ਕਰਾਮਾਤਾਂ ਵਿਖਾਈਆਂ ਹਨ, ਸਾਨੂੰ ਕਿਉਂ ਨਹੀਂ ਵਿਖਾਉਂਦੇ?

ਗੁਰੂ ਜੀ ਨੇ ਉਤਰ ਦਿਤੱਾ ਕਿ ਉਨ੍ਹਾਂ ਕੋਲ ਸੱਚੇ ਨਾਮ ਬਿਨਾਂ ਹੋਰ ਕੋਈ ਕਰਾਮਾਤ ਨਹੀਂ ਅਤੇ ਇਹ ਸ਼ਬਦ ਉਚਾਰਨ ਕੀਤਾ :

"ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ।
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ।
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ [੨੭] ਚੜਾਈ।
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ।
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ।
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ।
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ।।"

(ਮਾਝ ਦੀ ਵਾਰ, ਸਲੋਕ ਮ:੧, ਪੰਨਾ ੧੪੭)

ਜੇਕਰ ਮੈਂ ਅੱਗ ਦੀ ਪੁਸ਼ਾਕ ਪਾ ਲਵਾਂ, ਬਰਫ਼ ਅੰਦਰ ਗ੍ਰਹਿ ਬੰਨ੍ਹ ਲਵਾਂ ਅਤੇ ਲੋਹੇ ਨੂੰ ਆਪਣਾ ਖਾਣਾ ਬਣਾ ਲਵਾਂ। ਸਾਰੀਆਂ ਤਕਲੀਫ਼ਾਂ ਨੂੰ ਜੇਕਰ ਮੈਂ ਜਲ ਦੀ ਤਰ੍ਹਾਂ ਪੀ ਜਾਵਾਂ ਅਤੇ ਜ਼ਮੀਨ ਨੂੰ ਹਿਕਕੇ ਆਪਣੇ ਮੂਹਰੇ ਲਾ ਲਵਾਂ; ਅਸਮਾਨ ਨੂੰ ਤੱਕੜੀ ਦੇ ਪਲੜੇ ਵਿੱਚ ਧਰ ਕੇ, ਜੇਕਰ ਮੈਂ ਇਸ ਨੂੰ ਪਿਛਲੇ ਪਲੜੇ ਵਿੱਚ ਰਖੇ ਹੋਏ ਚਾਰ ਮਾਸੇ ਦੇ ਵਟੇ ਨਾਲੋਂ ਜੋਖ ਲਵਾਂ; ਜੇਕਰ ਮੈਂ ਐਡਾ ਵਡਾ ਹੋ ਜਾਵਾਂ ਕਿ ਕਿਤੇ ਭੀ ਨਾ ਸਮਾ ਸਕਾਂ, ਤੇ ਜੇਕਰ ਮੈਂ ਸਾਰਿਆਂ ਨੂੰ ਨਕੇਲ ਪਾ ਨੱਕ ਤੋਂ ਫੜ ਕੇ ਟੋਰੀ ਫਿਰਾਂ; ਜੇਕਰ ਮੇਰੇ ਚਿਤ ਅੰਦਰ ਐਨਾ ਬਲ ਹੋਵੇ ਕਿ ਐਹੋ ਜੇਹੀਆਂ ਗੱਲਾਂ ਮੈਂ ਕਰਾਂ ਅਤੇ ਆਪਣੇ ਕਹਿਣ ਦੁਆਰਾ ਹੋਰਨਾਂ ਤੋਂ ਭੀ ਕਰਾਵਾਂ, ਪਰ ਇਹ ਸਾਰਾ ਕੁਛ ਬੇਫ਼ਾਇਦਾ ਹੈ। ਜਿੱਡਾ ਵੱਡਾ ਸੁਆਮੀ ਹੈ, ਓਡੀਆਂ ਵੱਡੀਆਂ ਹੀ ਹਨ ਉਸ ਦੀਆਂ ਬਖ਼ਸ਼ੀਸ਼ਾਂ। ਉਹ ਆਪਣੀ ਰਜਾ ਅਨੁਸਾਰ ਦਾਤਾਂ ਦਿੰਦਾ ਹੈ। ਨਾਨਕ ਜਿਸ ਉਤੇ ਸਾਂਈ ਆਪਣੀ ਮਿਹਰ ਦੀ ਨਜ਼ਰ ਧਾਰਦਾ ਹੈ, ਉਸ ਨੂੰ ਸਚੇ ਨਾਮ ਦੀ ਵਡਿਆਈ ਪਰਾਪਤ ਹੁੰਦੀ ਹੈ।

ਜੋਗੀਆਂ ਨੇ ਅੰਤ ਗੁਰੂ ਜੀ ਨੂੰ ਪਰਨਾਮ ਕੀਤੀ ਅਤੇ ਵਡਿਆਈ ਕਰਦਿਆਂ ਕਿਹਾ, "ਧੰਨ ਹੋ, ਹੇ ਨਾਨਕ, ਆਪਦੇ ਕਾਰਜ ਮਹਾਨ ਹਨ। ਆਪ ਇੱਕ ਮਹਾਨ ਪੁਰਸ਼ ਹੋ ਉਬਰੇ ਹੋ ਅਤੇ ਸੰਸਾਰ ਵਿੱਚ ਇਸ ਕਲਯੁਗ ਦੇ ਕੂੜ ਦੇ ਸਮੇਂ ਗਿਆਨ ਦਾ ਪ੍ਰਕਾਸ਼ ਕੀਤਾ ਹੈ।

## ਬਾਬਾ ਬੁੱਢਾ ਜੀ :

ਗੁਰੂ ਜੀ ਕਰਤਾਰ ਵਿੱਚ ਸਵੇਰੇ ਅੰਮ੍ਰਿਤ ਵੇਲੇ ਹੀ ਕੀਰਤਨ ਆਰੰਭ ਕਰ ਦਿੰਦੇ ਸਨ। ਇੱਕ ਸਤ ਵਰ੍ਹੇ ਦਾ ਬਾਲਕ ਕੀਰਤਨ ਸੁਨਣ ਆ ਜਾਂਦਾ ਸੀ ਅਤੇ ਗੁਰੂ ਜੀ ਪਿਛੇ ਹੀ ਅਦਬ ਨਾਲ ਖੜੋਤਾ ਰਹਿੰਦਾ ਸੀ। ਇੱਕ ਦਿਨ ਗੁਰੂ ਜੀ ਨੇ ਪੁਛਿਆ, "ਕਿਉਂ ਬਈ, ਤੂੰ ਐਨੀ ਸਵੇਰੇ ਕੀਰਤਨ ਸੁਨਣ ਕਿਉਂ ਆਉਂਦਾ ਹੈਂ ਜਦ ਤੇਰੀ ਉਮਰ ਤਾਂ ਖਾਣ, ਖੇਡਣ ਅਤੇ ਸੌਣ ਦੀ ਹੈ?" ਉਸ ਨੇ ਉਤਰ ਦਿੱਤਾ, "ਸਾਹਿਬ ਜੀ, ਇੱਕ ਦਿਨ ਮੇਰੀ ਮਾਂ ਨੇ ਮੈਨੂੰ ਅੱਗ ਬਾਲਣ ਲਈ ਕਿਹਾ। ਜਦ ਮੈਂ ਲਕੜਾਂ ਨੂੰ ਅੱਗ ਲਾਈ ਮੈਂ ਵੇਖਿਆ ਕਿ ਛੋਟੀਆਂ ਲਕੜੀਆਂ ਵੱਡੀਆਂ ਨਾਲੋਂ ਪਹਿਲਾਂ ਬਲੀਆਂ। ਉਸ ਦਿਨ ਤੋਂ ਮੈਨੂੰ ਡਰ ਹੈ ਕਿ ਮੈਂ ਛੇਤੀ ਮਰ ਜਾਵਾਂਗਾ। ਮੈਨੂੰ ਸੰਦੇਹ ਹੈ ਕਿ ਮੈਂ ਵਡੀ ਉਮਰ ਤਕ ਜੀਉਂਗਾ ਕਿ ਨਹੀਂ, ਅਤੇ ਇਸ ਕਰਕੇ ਮੈਂ ਆਪਦੇ ਪਵਿਤ੍ਰ ਕੀਰਤਨ ਨੂੰ ਸੁਨਣ ਆਉਂਦਾ ਹਾਂ।" ਗੁਰੂ

ਜੀ ਇਸ ਛੋਟੇ ਬੱਚੇ ਦੇ ਮੂੰਹ ਤੋਂ ਇਹ ਸਿਆਣਪ ਵਾਲੇ ਬਚਨ ਸੁਣਕੇ ਕਹਿਣ ਲਗੇ, "ਤੂੰ ਭਾਵੇਂ ਇੱਕ ਨਿੱਕੀ ਉਮਰ ਦਾ ਬਾਲਕ ਹੈਂ ਪਰ ਤੂੰ ਗੱਲਾਂ ਇੱਕ ਬੁੱਢੇ ਮਨੁੱਖ ਵਾਂਗ ਕਰਦਾ ਹੈ।"

ਉਸ ਦਿਨ ਤੋਂ ਉਸ ਲੜਕੇ ਨੂੰ ਭਾਈ ਬੁੱਢਾ ਸੱਦਣ ਲਗ ਪਏ। ਉਸਨੂੰ ਐਨਾ ਉਚਾ ਅਦਬ ਸਨਮਾਨ ਮਿਲਿਆ ਕਿ ਉਸਨੂੰ ਗੁਰੂ ਨਾਨਕ ਜੀ ਦੇ ਪਿਛੋਂ ਪੰਜ ਗੁਰੂ ਸਾਹਿਬਾਨ ਨੂੰ ਗੁਰਗੱਦੀ ਮਿਲਣ ਸਮੇਂ ਉਹਨਾਂ ਦੇ ਮਸਤਕ ਤੇ ਕੇਸਰ ਦਾ ਤਿਲਕ ਲਾਉਣ ਦਾ ਸੁਭਾਗ ਮਿਲਿਆ।

ਭਾਈ ਬੁੱਢਾ ਦਾ ਪਹਿਲਾ ਨਾਉਂ ਰਾਮਦਾਸ ਸੀ ਅਤੇ ਇੱਕ ਪਿੰਡ ਦਾ ਨਾਮ ਵੀ ਇਸ ਪਿੱਛੇ ਇਹੀ ਰੱਖਿਆ ਗਿਆ। ਭਾਈ ਦਾ ਭਾਵ ਹੈ ਭਰਾ। ਗੁਰੂ ਨਾਨਕ ਜੀ ਨੇ ਸਾਰੀ ਮਨੁੱਖ ਜਾਤੀ ਨੂੰ ਇੱਕ ਅਕਾਲਪੁਰਖ ਦੀ ਸੰਤਾਨ ਦੱਸਿਆ ਸੀ ਸੋ ਉਨ੍ਹਾਂ ਨੇ ਇਛਾ ਪ੍ਰਗਟ ਕੀਤੀ ਕਿ ਉਨ੍ਹਾਂ ਦੇ ਸਾਰੇ ਸਿੱਖ ਇੱਕ ਦੂਜੇ ਦੇ ਭਰਾ ਸਮਝੇ ਜਾਣ ਅਤੇ ਇਸ ਤਰ੍ਹਾਂ ਭਾਈ ਕਹਿਕੇ ਬੁਲਾਏ ਜਾਇਆ ਕਰਨ। ਹੁਣ 'ਭਾਈ' ਦਾ ਪਦ ਸਿੱਖ ਗ੍ਰੰਥੀਆਂ, ਪ੍ਰਚਾਰਕਾਂ ਆਦਿ ਨੂੰ ਦਿਤੱਾ ਜਾਂਦਾ ਹੈ।

## ਦੂਨੀ ਚੰਦ :

ਗੁਰੂ ਜੀ ਇੱਕ ਵਾਰ ਲਾਹੌਰ ਵਿੱਚੋਂ ਲੰਘੇ। ਉਥੋਂ ਦਾ ਇੱਕ ਲੱਖਾਂਪਤੀ, ਦੁਨੀਚੰਦ, ਆਪਣੇ ਪਿਤਾ ਦਾ ਸ਼ਰਾਧ [੨੮] ਕਰਵਾ ਰਿਹਾ ਸੀ। ਜਦ ਉਸਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਉਨ੍ਹਾਂ ਵੀ ਸ਼ਰਾਧ ਵਿੱਚ ਸ਼ਾਮਲ ਹੋਣ ਲਈ ਸੱਦਾ ਦਿਤਾ। ਗੁਰੂ ਜੀ ਉਸਦੇ ਘਰ ਪੁੱਜੇ ਅਤੇ ਪੁਛਿਆ ਕਿ ਇਹ ਕਾਹਦਾ ਸਮਾਗਮ ਹੈ। ਦੂਨੀਚੰਦ ਨੇ ਦੱਸਿਆ ਕਿ ਉਸਦੇ ਪਿਤਾ ਦਾ ਸ਼ਰਾਧ ਹੈ ਅਤੇ ਉਸਨੇ ਪਿਤਾ ਦੇ ਨਾਮ ਤੇ ਇੱਕ ਸੌ ਬ੍ਰਾਹਮਣਾਂ ਨੂੰ ਭੋਜਨ ਖੁਵਾਇਆ ਹੈ। ਗੁਰੂ ਜੀ ਨੇ ਕਿਹਾ, "ਤੇਰਾ ਪਿਤਾ ਦੋ ਦਿਨ ਤੋਂ ਭੁਖਾ ਹੈ, ਉਸਨੇ ਕੁਝ ਨਹੀਂ ਖਾਧਾ ਅਤੇ ਤੂੰ ਉਸਦੇ ਨਾਮ ਤੇ ਇੱਕ ਸੌ ਬ੍ਰਾਹਮਣਾਂ ਨੂੰ ਭੋਜਨ ਖੁਆਉਣ ਦਾ ਦਾਅਵਾ ਕਰ ਰਿਹਾ ਹੈ।" ਦੁਨੀਚੰਦ ਨੇ ਪੁਛਿਆ, "ਮੇਰਾ ਪਿਤਾ ਕਿਥੇ ਹੈ?" ਗੁਰੂ ਜੀ ਨੇ ਉਤਰ ਦਿਤਾ, "ਤੇਰੇ ਪਿਤਾ ਜਦ ਜੀਉਂਦਾ ਸੀ, ਦਾ ਜੀਅ ਮਾਸੇ, ਜੋ ਇੱਕ ਸਿੱਖ ਪਕਾ ਰਿਹਾ ਸੀ, ਖਾਣ ਵਾਸਤੇ ਚਾਹਿਆ ਅਤੇ ਇਹੀ ਲੋਚਨਾ ਮਨ ਵਿੱਚ ਹੁੰਦਿਆਂ ਮਰ ਗਿਆ ਸੀ। ਸੋ ਮਰਨ ਪਿਛੋਂ ਉਸਦੀ ਆਤਮਾ ਇੱਕ ਬਘਿਆੜ ਦੇ ਸਰੀਰ ਵਿੱਚ ਸਮਾ ਗਈ ਸੀ। ਉਹ ਬਘਿਆੜ ਏਥੋਂ ਕੋਈ ਛੇ ਕੁ ਮੀਲ ਦੂਰ ਇੱਕ ਬਿਰਛ ਦੇ ਝੁੰਡ ਵਿੱਚ ਬੈਠਾ ਹੈ ਅਤੇ ਦੋ ਦਿਨ ਤੋਂ ਉਸਨੂੰ ਖਾਣ ਵਾਸਤੇ ਕੁਝ ਨਹੀਂ ਮਿਲਿਆ।" ਦੁਨੀ ਚੰਦ ਨੇ ਅਨੁਭਵ ਕਰ ਲਿਆ ਕਿ ਆਪਣੇ ਪਿਤਰਾਂ ਨੂੰ ਬ੍ਰਾਹਮਣਾਂ ਪੁਜਾਰੀਆਂ ਰਾਹੀਂ ਜੋ ਭੇਜਿਆ ਜਾਂਦਾ ਹੈ ਉਹਨਾਂ ਨੂੰ ਮਿਲਦਾ ਨਹੀਂ। ਸੋ ਸ਼ਰਾਧਾਂ ਵਰਗੀਆਂ ਰਸਮਾਂ ਕੇਵਲ ਅੰਧ ਵਿਸ਼ਵਾਸ਼ ਕਰਕੇ ਹਨ।

ਦੁਨੀ ਚੰਦ ਨੇ ਬਹੁਤ ਸਾਰਾ ਧਨ ਇੱਕੱਠਾ ਕੀਤਾ ਹੋਇਆ ਸੀ ਅਤੇ ਸਦਾ ਇਸ ਵਿੱਚ ਹੋਰ ਵਾਧਾ ਕਰਨ ਵਿੱਚ ਲੱਗਾ ਹੋਇਆ ਸੀ। ਗੁਰੂ ਜੀ ਨੇ ਇੱਕ ਸੂਈ ਦਿਤੀ ਅਤੇ ਕਿਹਾ ਇਸਨੂੰ ਆਪਣੇ ਕੋਲ ਰਖ ਅਤੇ ਅਗਲੇ ਜਹਾਨ ਵਿੱਚ ਜਾਕੇ ਤੇਰੇ ਕੋਲੋਂ ਵਾਪਸ ਲੈ ਲਵਾਂਗੇ।

ਦੁਨੀਚੰਦ ਨੇ ਪੁਛਿਆ, "ਮਹਾਰਾਜ, ਮਰਨ ਪਿਛੋਂ ਸੂਈ ਕਿਸ ਤਰ੍ਹਾਂ ਲਿਜਾ ਸਕਦਾ ਹਾਂ?" ਗੁਰੂ ਜੀ ਨੇ ਉਤਰ ਦਿਤਾ, "ਜੇ ਇਹ ਨਿੱਕੀ ਜਿਹੀ ਚੀਜ਼ ਅਗਲੇ ਜਹਾਨ ਨਹੀਂ ਜਾ ਸਕੇਗੀ ਤਾਂ ਤੇਰਾ ਐਨਾ ਧਨ ਦੌਲਤ ਨਾਲ ਕਿਵੇਂ ਜਾਵੇਗਾ?"

ਇਹ ਸੁਣਕੇ ਦੁਨੀਚੰਦ ਗੁਰੂ ਜੀ ਦੇ ਚਰਨਾਂ 'ਤੇ ਢੱਠਾ ਅਤੇ ਬੇਨਤੀ ਕੀਤੀ ਕਿ ਗੁਰੂ ਜੀ ਉਸਨੂੰ ਗਿਆਨ ਬਖਸ਼ਣ। ਗੁਰੂ ਜੀ ਨੇ ਕਿਹਾ, "ਆਪਣਾ ਕੁਝ ਧਨ ਅਕਾਲ ਪੁਰਖ ਦੇ ਨਾਮ ਤੇ ਵੰਡ ਦੇਹ ਅਤੇ ਗਰੀਬਾਂ ਨੂੰ ਭੋਜਨ ਖੁਆ।" ਦੁਨੀਚੰਦ ਗੁਰੂ ਜੀ ਦਾ ਸਿੱਖ ਬਣ ਗਿਆ ਅਤੇ ਨਾਮ ਸਿਮਰਨ ਕਰਨ ਲਗ ਪਿਆ। ਗੁਰੂ ਜੀ ਇਸ ਸਮੇਂ ਇਹ ਸ਼ਬਦ ਉਚਾਰਨ ਕੀਤਾ :

"ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ।
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ।
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰ।
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ।
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ।
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ।
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ।
ਨਾਨਕ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ।੧।"

(ਆਸਾ ਦੀ ਵਾਰ, ਸਲੋਕ ਮ:੧, ਪੰਨਾ ੪੬੮)

## ਭਾਈ ਲਹਿਣਾ ਜੀ :

ਜੋਧਾ ਗੁਰੂ ਜੀ ਦਾ ਇੱਕ ਸਿੱਖ ਸੀ ਜੋ ਇੱਕ ਛੋਟੇ ਨਗਰ, ਖਡੂਰ, ਜੋ ਕਰਤਾਰਪੁਰ ਤੋਂ ੫੦ ਕੁ ਮੀਲ ਦੂਰ ਹੈ, ਵਿੱਚ ਰਹਿੰਦਾ ਸੀ। ਭਾਈ ਲਹਿਣਾ ਇੱਕ ਅਮੀਰ ਵਪਾਰੀ ਦਾ ਸਪੁਤ੍ਰ ਸੀ ਅਤੇ ਉਹ ਵੀ ਖਡੂਰ ਦਾ ਵਾਸੀ ਸੀ। ਭਾਈ ਲਹਿਣਾ ਹਿੰਦੂ ਦੇਵੀ, ਦੁਰਗਾ ਦਾ ਪੁਜਾਰੀ ਸੀ। ਉਹ ਹਰ ਸਾਲ ਕਾਂਗੜਾ ਪਹਾੜੀਆਂ ਵਿੱਚ ਦੁਰਗਾ ਦੇ ਮੰਦਰ ਦੀ ਯਾਤਰਾ ਕਰਨ ਜਾਇਆ ਕਰਦਾ ਸੀ।

ਇੱਕ ਸਵੇਰ ਜਦ ਭਾਈ ਜੋਧਾ ਜਪੁ ਜੀ ਦਾ ਪਾਠ ਕਰ ਰਿਹਾ ਸੀ ਭਾਈ ਲਹਿਣਾ ਨੇ ਸੁਣਿਆ ਅਤੇ ਇਸ ਇਲਾਹੀ ਬਾਣੀ ਦੇ ਵਿਸਮਾਦ ਨੇ ਉਸਦੇ ਦਿਲ ਨੂੰ ਟੁੰਬਿਆ। ਉਸਨੇ ਭਾਈ ਜੋਧਾ ਨੂੰ ਪੁਛਿਆ ਕਿ ਇਹ ਕਿਸਦੀ ਬਾਣੀ ਹੈ। ਭਾਈ ਜੋਧਾ ਨੇ ਗੁਰੂ ਨਾਨਕ ਜੀ ਬਾਰੇ ਵਿਸਤਾਰ ਨਾਲ ਦੱਸਿਆ। ਇਸਤੇ ਭਾਈ ਲਹਿਣਾ ਗੁਰੂ ਜੀ ਦੇ ਦਰਸ਼ਨ ਕਰਨ ਲਈ ਚਾਅ ਨਾਲ ਭਰ ਗਿਆ।

ਅਗਲੀ ਦੁਰਗਾ ਦੇਵੀ ਦੇ ਮੰਦਰ ਦੀ ਵਾਰਸ਼ਕ ਯਾਤਰਾ ਲਈ ਆਪਣੇ ਸਾਥੀਆਂ ਨਾਲ ਚਲਿਆ ਤਾਂ ਭਾਈ ਲਹਿਣਾ ਰਾਹ ਵਿੱਚ ਗੁਰੂ ਜੀ ਦੇ ਦਰਸ਼ਨ ਕਰਨ ਲਈ ਰੁਕ ਗਿਆ। ਗੁਰੂ ਜੀ ਦੇ ਦਰਸ਼ਨ ਕਰਦਿਆਂ ਹੀ ਉਹ ਸੱਚੇ ਗੁਰੂ ਦੇ ਪ੍ਰੇਮ ਅਤੇ ਕਿਰਪਾ ਨਾਲ ਪਸੀਜ ਗਿਆ। ਗੁਰੂ ਜੀ ਦੇ ਪੁਛਣ ਤੇ ਜਦ ਆਪਣਾ ਨਾਮ ਦੱਸਿਆ, ਤਾਂ ਗੁਰੂ ਜੀ ਕਿਹਾ, ਭਾਈ, ਜੋ ਤੂੰ ਲਹਿਣਾ (ਲੈਣਾ) ਚਿਤਵਦਾ ਹੈਂ- ਮੁਕਤੀ- ਉਹ ਇਸੇ ਸੰਸਾਰ ਵਿੱਚ ਮਿਲੇਗੀ ਹੋਰ ਕਿਤੇ ਨਹੀਂ। ਗੁਰੂ ਜੀ ਤੋਂ ਕੁਝ ਉਪਦੇਸ਼ ਮਿਲਣ ਤੇ ਭਾਈ ਲਹਿਣਾ, ਅਕਾਲ ਪੁਰਖ ਦੇ ਸਿਮਰਨ ਵਿੱਚ ਲਗ ਗਿਆ।

ਕਿਹਾ ਜਾਂਦਾ ਹੈ ਕਿ ਭਾਈ ਲਹਿਣਾ ਨੇ ਸੁਪਨੇ ਵਿੱਚ ਇੱਕ ਇਸਤਰੀ ਲਾਲ ਬਸਤਰ ਪਹਿਣੀ ਗੁਰੂ ਜੀ ਦੇ ਘਰ ਦੀ ਸੇਵਾ ਕਰ ਰਹੀ ਦੇਖੀ। ਲਹਿਣਾ ਜੀ ਨੇ ਪੁਛਿਆ ਕਿ ਤੂੰ ਕੌਣ ਹੈ। ਉਸਨੇ ਉਤਰ ਦਿਤਾ ਕਿ ਉਹ ਦੁਰਗਾ (ਦੇਵੀ) ਹੈ ਅਤੇ ਉਹ ਹਫਤੇ ਵਿੱਚ ਇੱਕ ਵਾਰ ਗੁਰੂ ਜੀ ਦੀ ਸੇਵਾ ਕਰਨ ਆਉਂਦੀ ਹੈ। ਇਸਤੇ ਭਾਈ ਲਹਿਣਾ ਨੂੰ ਗੁਰੂ ਨਾਨਕ ਜੀ ਦੀ ਇਲਾਹੀ ਵਡਿਆਈ ਦਾ ਪੱਕਾ ਵਿਸ਼ਵਾਸ ਹੋ ਗਿਆ।

ਜਿਉਂ ਜਿਉਂ ਸਮਾਂ ਲੰਘਦਾ ਗਿਆ, ਭਾਈ ਲਹਿਣਾ ਨਾਮ ਸਿਮਰਨ ਵਿੱਚ ਰਚਦਾ ਗਿਆ ਅਤੇ ਗੁਰੂ ਜੀ ਦੇ ਵਧੇਰੇ ਹੀ ਵਧੇਰੇ ਨੇੜੇ ਅਤੇ ਉਨ੍ਹਾਂ ਦਾ ਆਗਿਆਕਾਰ ਸ਼ਰਧਾਲੂ ਹੁੰਦਾ ਗਿਆ।

ਜਿਉਂ ਜਿਉਂ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਆਉਂਦਾ ਗਿਆ, ਮਾਤਾ ਜੀ (ਗੁਰੂ ਜੀ ਦੇ ਮਹਿਲ) ਨੂੰ ਦਿਸ ਰਿਹਾ ਸੀ ਕਿ ਗੁਰੂ ਜੀ ਦੀ ਗੱਦੀ ਅੱਗੋਂ ਚੱਲੇਗੀ। ਜਿਵੇਂ ਰਿਵਾਜ ਹੈ, ਮਾਤਾ ਜੀ ਸਦਾ ਸੋਚਦੇ ਕਿ ਮੇਰੇ ਬੇਟੇ ਹੀ ਗੁਰੂ ਜੀ ਦੀ ਜੈਦਾਦ ਅਤੇ ਗੁਰਗੱਦੀ ਦੇ ਅਧਿਕਾਰੀ ਹੋਣੇ ਚਾਹੀਦੇ ਹਨ। ਇੱਕ ਦਿਨ ਮਾਤਾ ਜੀ ਨੇ ਗੁਰੂ ਜੀ ਨੂੰ ਕਿਹਾ, "ਸਵਾਮੀ ਜੀ, ਮੇਰੇ ਬੇਟਿਆਂ ਨੂੰ ਧਿਆਨ ਵਿੱਚ ਰੱਖਣਾ।" ਇਸਦਾ ਭਾਵ ਸੀ ਕਿ ਗੁਰਗੱਦੀ ਇਹਨਾਂ ਪੁਤਰਾਂ ਵਿੱਚੋਂ ਹੀ ਇੱਕ ਨੂੰ ਦੇਣੀ। ਗੁਰੂ ਜੀ ਨੇ ਕਿਹਾ, "ਜਾਉ, ਬੇਟਿਆਂ ਨੂੰ ਲੈਕੇ ਆਉ।" ਜਦ ਉਹ ਗੁਰੂ ਜੀ ਸਾਮ੍ਹਣੇ ਆਏ ਤਾਂ ਗੁਰੂ ਜੀ ਨੇ ਇੱਕ ਕਟੋਰਾ ਨਾਲ ਲਗਦੇ ਗੰਦੇ ਪਾਣੀ ਦੇ ਛੱਪੜ ਵਿੱਚ ਸੁੱਟ ਆਪਣੇ ਵੱਡੇ ਸਪੁਤ੍ਰ ਸ੍ਰੀ ਚੰਦ ਨੂੰ ਕਿਹਾ ਕਿ ਜਾਕੇ ਛੱਪੜ ਵਿੱਚੋਂ ਕਟੋਰਾ ਕੱਢ ਲਿਆਉ। ਸ੍ਰੀ ਚੰਦ ਨੇ ਉਤਰ ਦਿੱਤਾ, "ਆਪ ਨੇ ਇਹ ਕਟੋਰਾ ਸੁਟਿਆ ਕਿਉਂ ਜੇ ਕੱਢ ਕੇ ਹੀ ਲਿਆਉਣਾ ਸੀ?" ਸੋ ਉਸ ਨੇ ਕਟੋਰਾ ਕੱਢ ਲਿਆਉਣ ਤੋਂ ਨਾਂਹ ਕਰ ਦਿਤੀ। ਇਸੇ ਤਰ੍ਹਾਂ ਛੋਟੇ ਸਪੁਤ੍ਰ, ਲਛਮੀ ਦਾਸ ਨੇ ਵੀ ਕੱਢ ਲਿਆਉਣ ਤੋਂ ਨਾਂਹ ਕਰ ਦਿਤੀ। ਤਦ ਗੁਰੂ ਜੀ ਨੇ ਲਹਿਣਾ ਜੀ ਵੱਲ ਵੇਖਿਆ ਅਤੇ ਕਿਹਾ, "ਲਹਿਣਾ ਜੀ, ਤੁਸੀਂ ਜਾਉ ਅਤੇ ਕਟੋਰਾ ਕੱਢ ਲਿਆਉ।" ਲਹਿਣਾ ਜੀ ਕਿਹਾ, "ਸਤਿ ਬਚਨ !" ਅਤੇ ਜਾਕੇ ਕਟੋਰਾ ਕੱਢ ਲਿਆਏ ਬਿਨਾਂ ਆਪਣੇ ਕਪੜਿਆਂ ਦੇ ਚਿਕੜ ਨਾਲ ਖਰਾਬ ਹੋ ਜਾਣ ਦਾ ਧਿਆਨ ਕਰਦਿਆਂ।

ਇੱਕ ਦਿਨ ਗੁਰੂ ਜੀ ਨੇ ਲਹਿਣਾ ਜੀ ਨੂੰ ਕਿਹਾ ਕਿ ਆਪਣੇ ਘਰ ਜਾਉ ਅਤੇ ਆਪਣੇ ਕੰਮ ਕਾਜ ਸੰਭਾਲ ਆਉ। ਕੁਝ ਸਮੇਂ ਪਿਛੋਂ ਜਦ ਉਹ ਵਾਪਸ ਆਏ ਗੁਰੂ ਜੀ ਦੇ ਘਰੋਂ ਪਤਾ ਲੱਗਾ ਕਿ ਗੁਰੂ ਜੀ ਖੇਤਾਂ ਵਿੱਚ ਕੰਮ ਕਰ ਰਹੇ ਹਨ ਅਤੇ ਸ਼ਾਮ ਨੂੰ ਘਰ ਮੁੜਨਗੇ। ਭਾਈ ਲਹਿਣਾ ਸਿੱਧੇ ਖੇਤਾਂ ਵੱਲ ਗੁਰੂ ਜੀ ਦੇ ਦਰਸ਼ਨ ਕਰਨ ਚਲੇ ਗਏ। ਗੁਰੂ ਜੀ ਨੇ ਤਿੰਨ ਪੰਡਾਂ ਘਾਹ ਦੀਆਂ ਆਪਣੀਆਂ ਗਾਵਾਂ ਮੱਝਾਂ ਲਈ ਬੰਨ੍ਹਕੇ ਰੱਖੀਆਂ ਹੋਈਆਂ ਸਨ ਘਰ ਲਿਜਾਣ ਲਈ। ਘਾਹ ਗਿੱਲਾ ਅਤੇ ਚਿਕੜ ਨਾਲ ਭਰਿਆ ਹੋਣ ਕਰਕੇ ਗੁਰੂ ਜੀ ਦੇ ਸਿੱਖ ਚੁੱਕਣ ਤੋਂ ਝਿਜਕਦੇ ਸਨ। ਤਦ ਗੁਰੂ ਜੀ ਨੇ ਆਪਣੇ ਪੁਤਰਾਂ ਨੂੰ ਕਿਹਾ ਪੰਡਾਂ ਚੁੱਕਕੇ ਲੈ ਚੱਲਣ ਲਈ। ਪਰ ਉਹ ਵੀ ਆਪਣੇ ਇਸ ਫਰਜ਼ ਤੋਂ ਟਾਲਮਟੋਲ ਕਰ ਗਏ। ਭਾਈ ਲਹਿਣਾ, ਜੋ ਹੁਣੇ ਹੀ ਪੁੱਜੇ ਸੀ, ਨੇ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਕਿਹਾ, "ਮਹਾਰਾਜ, ਇਹ ਸੇਵਾ ਮੈਨੂੰ ਬਖਸ਼ੋ।" ਲਹਿਣਾ ਜੀ ਨੇ ਤਿੰਨੇ ਪੰਡਾਂ ਚੁੱਕ ਲਈਆਂ ਅਤੇ ਗੁਰੂ ਜੀ ਦੇ ਪਿਛੇ

ਪਿਛੇ ਘਰ ਵੱਲ ਤੁਰ ਪਏ। ਜਦ ਉਹ ਘਰ ਪੁੱਜੇ ਤਾਂ ਮਾਤਾ ਜੀ ਨੇ ਗੁਰੂ ਜੀ ਕੋਲ ਸ਼ਕਾਇਤ ਕੀਤੀ, "ਪ੍ਰਾਹੁਣੇ ਨੂੰ ਕੰਮੀਆਂ ਵਾਲਾ ਕੰਮ ਦੇਕੇ ਠੀਕ ਨਹੀਂ ਕੀਤਾ; ਉਸਦੇ ਕਪੜੇ ਪੰਡਾਂ ਵਿੱਚੋਂ ਤ੍ਰਿਪ ਤ੍ਰਿਪ ਕਰਦੇ ਚਿਕੜ ਨਾਲ ਸਿਰ ਤੋਂ ਪੈਰਾਂ ਤਕ ਭਰਕੇ ਖਰਾਬ ਹੋ ਗਏ ਹਨ।" ਗੁਰੂ ਜੀ ਨੇ ਉਤਰ ਦਿਤਾ, "ਇਹ ਚਿਕੜ ਨਹੀਂ, ਇਹ ਅਕਾਲ ਪੁਰਖ ਦੇ ਦਰਬਾਰ ਦਾ ਕੇਸਰ ਹੈ ਜੋ ਚੋਣਵੇਂ ਜੀਵਾਂ ਨੂੰ ਲਗੱਦਾ ਹੈ।" ਮਾਤਾ ਜੀ ਨੇ ਫਿਰ ਭਾਈ ਲਹਿਣਾ ਦੇ ਕਪੜਿਆਂ ਵੱਲ ਵੇਖਿਆ ਤਾਂ ਉਥੇ ਕੇਸਰ ਹੀ ਛਿਣਕਿਆ ਹੋਇਆ ਸੀ। ਸਿੱਖ ਇਹਨਾਂ ਤਿੰਨਾਂ ਪੰਡਾਂ ਨੂੰ ਅਧਿਆਤਮਕ, ਸੰਸਾਰਕ ਅਤੇ ਗੁਰਗੱਦੀ ਦੀਆਂ ਦਾਤਾਂ ਦੀ ਨਿਸ਼ਾਨੀ ਸਮਝਦੇ ਹਨ।

ਗੁਰੂ ਜੀ ਨੇ ਹੁਣ ਆਪਣੇ ਸਿੱਖਾਂ ਦੀ ਬਾਕਾਇਦਾ ਪਰੀਖਿਆ ਕਰਨੀ ਸ਼ੁਰੂ ਕਰ ਦਿਤੀ। ਸਿਆਲ ਦੀ ਇੱਕ ਰਾਤ ਵੇਲੇ ਭਾਰੀ ਮੀਂਹ ਪੈ ਰਿਹਾ ਸੀ ਜਿਸ ਨਾਲ ਗੁਰੂ ਜੀ ਦੇ ਘਰ ਦੀ ਕੰਧ ਦਾ ਕੁਝ ਹਿੱਸਾ ਢਹਿ ਪਿਆ। ਗੁਰੂ ਜੀ ਚਾਹੁੰਦੇ ਸਨ ਕਿ ਕੰਧ ਦੀ ਮੁਰੰਮਤ ਹੁਣੇ ਹੀ ਕੀਤੀ ਜਾਵੇ। ਗੁਰੂ ਜੀ ਦੇ ਪੁਤਰਾਂ ਨੇ ਇਹ ਕਹਿਕੇ ਕਿ ਐਸ ਵੇਲੇ ਐਨੀ ਠੰਢ ਹੈ ਅਤੇ ਅੱਧੀ ਰਾਤ ਹੋ ਗਈ ਹੈ, ਸਵੇਰੇ ਕਿਸੇ ਰਾਜ ਮਿਸਤਰੀ ਨੂੰ ਸੱਦਕੇ ਮੁਰੰਮਤ ਕਰਵਾ ਦੇਣਗੇ। ਗੁਰੂ ਜੀ ਨੇ ਕਿਹਾ ਕਿ ਰਾਜ ਮਿਸਤਰੀ ਦੀ ਲੋੜ ਨਹੀਂ, ਸਾਡਾ ਕੰਮ ਸਾਡੇ ਸਿੱਖਾਂ ਨੂੰ ਕਰਨਾ ਚਾਹੀਦਾ ਹੈ। ਭਾਈ ਲਹਿਣਾ ਇਹ ਸੁਣਕੇ ਉਠ ਖੜੇ ਹੋਏ ਅਤੇ ਕੰਧ ਨੂੰ ਮੁਰੰਮਤ ਕਰਨਾ ਸ਼ੁਰੂ ਕਰ ਦਿਤਾ। ਜਦ ਸਾਰਾ ਕੰਮ ਮੁੱਕਣ ਵਾਲਾ ਸੀ ਤਾਂ ਗੁਰੂ ਜੀ ਨੇ ਕਿਹਾ, "ਕੰਧ ਟੇਢੀ ਬਣ ਗਈ ਹੈ, ਇਸਨੂੰ ਢਾਹ ਦਿਉ ਅਤੇ ਮੁੜ ਉਸਾਰੋ।" ਭਾਈ ਲਹਿਣਾ ਨੇ ਉਸੇ ਤਰ੍ਹਾਂ ਕੀਤਾ ਪਰ ਗੁਰੂ ਜੀ ਨੇ ਫਿਰ ਇਹੀ ਜਿਤਾਇਆ ਕਿ ਉਹਨਾਂ ਦੀ ਤਸੱਲੀ ਨਹੀਂ ਹੋਈ। ਲਹਿਣਾ ਜੀ ਨੇ ਮਾਲਕ ਦਾ ਹੁਕਮ ਮੰਨ ਲਿਆ। ਪਰ ਗੁਰੂ ਜੀ ਦੀ ਅਜੇ ਵੀ ਤਸੱਲੀ ਨਹੀਂ ਹੋਈ ਸੀ। ਇਹ ਵੇਖ ਕੇ ਗੁਰੂ ਜੀ ਦੇ ਪੁਤਰਾਂ ਨੇ ਭਾਈ ਲਹਿਣਾ ਨੂੰ ਕਿਹਾ ਕਿ ਤੁਸੀਂ ਮੂਰਖ ਹੋ ਕਿ ਬੇਤੁਕੇ ਹੁਕਮ ਮੰਨੀ ਜਾ ਰਹੇ ਹੋ। ਭਾਈ ਲਹਿਣਾ ਨੇ ਨਿਮਰਤਾ ਨਾਲ ਉਤਰ ਦਿਤਾ ਕਿ ਇੱਕ ਸੇਵਕ ਨੂੰ ਮਾਲਕ ਦਾ ਕੰਮ ਕਰਕੇ ਆਪਣੇ ਹੱਥ ਸਫਲ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਗੁਰੂ ਜੀ ਅਤੇ ਉਨ੍ਹਾਂ ਦਾ ਸਿੱਖ ਇੱਕ ਦੂਜੇ ਦੇ ਹੋਰ ਨਿਕਟ ਹੋ ਗਏ ਅਤੇ ਇੱਕ ਦੂਜੇ ਨਾਲ ਵਧੇਰੇ ਪ੍ਰਸੰਨ। ਗੁਰੂ ਜੀ ਦੇ ਪੁਤਰ ਇਸ ਦ੍ਰਿੜ੍ਹ ਸਿੱਖ (ਭਾਈ ਲਹਿਣਾ) ਨਾਲ ਈਰਖਾ ਕਰਨ ਲੱਗੇ। ਉਨ੍ਹਾਂ ਨੇ ਆਪਣੀ ਉਸ ਦੇ ਲਈ ਘਿਰਣਾ ਨੂੰ ਲੁਕਾਉਣ ਦੀ ਜਰਾ ਕੋਸ਼ਿਸ਼ ਵੀ ਨ ਕੀਤੀ।

ਇੱਕ ਦਿਨ ਇੱਕ ਜੋਗੀ ਆਇਆ ਅਤੇ ਗੁਰੂ ਜੀ ਨੂੰ ਵੱਡੀ ਗਿਣਤੀ ਵਿੱਚ ਆਪਣੇ ਸਿੱਖ ਬਣਾ ਲੈਣ ਦੀ ਵਧਾਈ ਦਿਤੀ। ਗੁਰੂ ਜੀ ਨੇ ਉਤਰ ਦਿਤਾ ਕਿ ਜਿਵੇਂ ਜੋਗੀ ਆਪ ਵੇਖ ਲਵੇਗਾ ਉਨ੍ਹਾਂ ਦੇ ਅਸਲੀ ਸਿੱਖ ਥੋੜੇ ਕੁ ਹੀ ਹਨ। ਗੁਰੂ ਜੀ ਅਤੇ ਜੋਗੀ ਜੰਗਲ ਵੱਲ ਚਲ ਪਏ ਆਪਣੇ ਨਾਲ ਆ ਰਹੇ ਸਿੱਖਾਂ ਦੀ ਪਰੀਖਿਆ ਲੈਣ ਲਈ। ਜਿਵੇਂ ਅੱਗੇ ਗਏ ਤਾਂ ਵੇਖਿਆ ਕਿ ਸੜਕ ਤਾਂਬੇ ਦੇ ਸਿਕਿਆਂ ਨਾਲ ਭਰੀ ਪਈ ਹੈ। ਕੁਝ ਸਿੱਖਾਂ ਨੇ ਉਹ ਇੱਕੱਠੇ ਕਰ ਲਏ ਅਤੇ ਪਰਤ ਗਏ। ਥੋੜਾ ਕੁ ਹੋਰ ਅੱਗੇ ਗਏ ਤਾਂ ਸੜਕ ਚਾਂਦੀ ਦੇ ਸਿੱਕਿਆਂ ਨਾਲ ਕੱਜੀ ਪਈ ਸੀ। ਕਈ ਸਿੱਖਾਂ ਨੇ ਇਹ ਚੁਕ ਲਏ ਤੇ ਘਰੀਂ ਪਰਤ ਗਏ। ਜਿਵੇਂ ਬਾਕੀ ਟੋਲੀ ਹੋਰ ਅੱਗੇ ਗਈ ਤਾਂ ਉਹਨਾਂ ਸੜਕ ਤੇ ਸੋਨੇ ਦੇ ਸਿੱਕੇ ਪਏ ਵੇਖੇ। ਬਾਕੀ ਰਹੇ ਸਿੱਖਾਂ ਵਿੱਚੋਂ ਬਹੁਤਿਆਂ ਨੇ ਇਹ ਸਿੱਕੇ ਸੰਭਾਲ ਲਏ ਅਤੇ ਸਾਥ ਛਡ ਗਏ। ਕੇਵਲ ਜੋਗੀ, ਦੋ ਸਿੱਖ, ਗੁਰੂ ਜੀ ਅਤੇ ਭਾਈ ਲਹਿਣਾ ਰਹਿ ਗਏ।

ਹੋਰ ਅੱਗੇ ਗਏ ਤਾਂ ਇੱਕ ਚਿਤਾ ਵੇਖੀ ਅਤੇ ਮਿਰਤਕ ਸਰੀਰ ਨੇੜੇ ਚਾਰ ਦੀਵੇ ਜਗ ਰਹੇ ਸਨ। ਲਾਸ਼ ਇੱਕ ਚਾਦਰ ਨਾਲ ਕੱਜੀ ਹੋਈ ਸੀ ਜਿਸ ਵਿੱਚੋਂ ਭੈੜੀ ਬੂ ਆ ਰਹੀ ਸੀ। ਗੁਰੂ ਜੀ ਨੇ ਪੁਛਿਆ, "ਹੈ ਕੋਈ ਜੋ ਇਸ ਮਿਰਤਕ ਸਰੀਰ ਨੂੰ ਖਾਵੇਗਾ?" ਸਿੱਖ ਤਾਂ ਇਸ ਭਿਆਨਕ ਸੁਝਾਉ ਕਾਰਨ ਪਿਛਾਂਹ ਮੁੜ ਗਏ ਪਰ ਭਾਈ ਲਹਿਣਾ ਆਪਣੀ ਗੁਰੂ ਜੀ ਲਈ ਸ਼ਰਧਾ ਵਿੱਚ ਪ੍ਰਪੱਕ ਰਿਹਾ। ਭਾਈ ਲਹਿਣਾ ਨੇ ਹੱਥ ਜੋੜਕੇ ਗੁਰੂ ਜੀ ਨੂੰ ਪੁਛਿਆ, "ਮਹਾਰਾਜ, ਲਾਸ਼ ਨੂੰ ਕਿਸ ਪਾਸਿਓਂ ਖਾਣਾ ਸ਼ੁਰੂ ਕਰਾਂ, ਪੈਰਾਂ ਵਲੋਂ ਜਾਂ ਸਿਰ ਵੱਲੋਂ?" ਗੁਰੂ ਜੀ ਨੇ ਕਿਹਾ ਕਿ ਵਿੱਚੋਂ ਕਮਰ ਤੋਂ ਸ਼ੁਰੂ ਕਰੋ। ਭਾਈ ਲਹਿਣਾ ਨੇ ਲਾਸ਼ ਤੋਂ ਚਾਦਰ ਚੁੱਕੀ। ਵੇਖੋ! ਕਰਤਾਰ ਦੀ ਕਰਾਮਾਤ! ਲਾਸ਼ ਦੀ ਥਾਂ ਉਥੇ ਪ੍ਰਸ਼ਾਦ ਦਾ ਇੱਕ ਥਾਲ ਪਿਆ ਸੀ। ਭਾਈ ਲਹਿਣਾ ਨੇ ਪ੍ਰਸ਼ਾਦਿ ਪਹਿਲੋਂ ਗੁਰੂ ਜੀ ਨੂੰ ਦਿਤਾ ਅਤੇ ਕਿਹਾ ਕਿ ਜੋ ਬਚੇਗਾ ਉਹ ਆਪ ਖਾਵੇਗਾ। ਗੁਰੂ ਜੀ ਨੇ ਕਿਹਾ, ਭਾਈ ਤੁਸੀਂ ਮੇਰਾ ਭੇਤ ਪਾ ਲਿਆ ਹੈ। ਤੁਸੀਂ ਮੇਰਾ ਰੂਪ ਹੋ ਗਏ ਹੋ। ਮੈਂ ਤੁਹਾਨੂੰ ਉਹ ਮੰਤਰ ਦੇਵਾਂਗਾ ਜੋ ਧਰਮ ਦਾ ਸਾਰ ਹੈ। ਇਸ ਮੰਤਰ ਨਾਲ ਤੁਸੀਂ ਇਸ ਜਗਤ ਵਿੱਚ ਪ੍ਰਸੰਨ ਚਿਤ ਰਹੋਗੇ ਅਤੇ ਇਸ ਪਿਛੋਂ ਅਗਲੇ ਵਿੱਚ ਵੀ।" ਗੁਰੂ ਜੀ ਦਾ ਭਾਵ ਇਸ ਮੂਲਮੰਤਰ ਤੋਂ ਸੀ ਜੋ ਜਪੁਜੀ ਦਾ ਮੁਖ ਬੰਧ ਹੈ:-

"ੴ ਸਤਿਨਾਮੁ ਕਰਤਾ ਪੁਰਖ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰਪ੍ਰਸਾਦਿ। ਜਪੁ ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ। ਨਾਨਕ ਹੋਸੀ ਭੀ ਸਚੁ।।"

ਇਸ ਤੇ ਜੋਗੀ ਨੇ ਕਿਹਾ, "ਹੇ ਨਾਨਕ ਜੀ, ਜੋ ਆਪਦੇ ਅੰਗ ਤੋਂ ਉਪਜਿਆ ਹੈ ਉਹੀ ਗੁਰੂ ਬਣੇਗਾ।" ਗੁਰੂ ਜੀ ਨੇ ਲਹਿਣਾ ਜੀ ਨੂੰ ਛਾਤੀ ਨਾਲ ਲਾਇਆ ਅਤੇ ਬਚਨ ਕੀਤਾ ਕਿ ਤੁਸੀਂ ਹੀ ਮੇਰੇ ਉਤ੍ਰਾਧਿਕਾਰੀ ਬਣੋਗੇ।

ਇਥੇ ਗੁਰੂ ਜੀ ਨੇ ਜੋ ਉਪਦੇਸ਼ ਦਿਤਾ ਉਹ ਸੀ ਕਿ ਇੱਕ ਸਿੱਖ ਨੂੰ ਨਿਰਸੰਦੇਹ ਆਪਣਾ ਆਪ ਪੂਰਾ ਗੁਰੂ ਜੀ ਦੇ ਅਰਪਣ ਕਰ ਦੇਣਾ ਜ਼ਰੂਰੀ ਹੈ। ਉਸ ਨੂੰ ਗੁਰੂ ਦੇ ਹੁਕਮ ਅੱਗੇ ਪੂਰਾ ਸਿਰ ਝੁਕਾਉਣਾ ਜ਼ਰੂਰੀ ਹੈ। ਤਦ ਅਤੇ ਤਦ ਹੀ ਸਿੱਖ ਆਪਣੇ ਟੀਚੇ, ਅਰਥਾਤ ਅਕਾਲ ਪੁਰਖ ਨਾਲ ਅਭੇਦ ਹੋਣ, ਤਕ ਪੁੱਜਦਾ ਹੈ। ਗੁਰੂ ਜੀ ਦੇ ਪੁਤਰਾਂ ਨੇ ਹਰ ਕਦਮ ਤੇ ਉਨ੍ਹਾਂ ਜੋਗ ਸਵਾਲ ਕਰ ਦਿਤੇ ਜਦ ਕਿ ਭਾਈ ਲਹਿਣਾ ਨੇ ਹੁਣ ਵੀ ਕਹਿਣ ਤੋਂ ਬਿਨਾਂ ਆਪਣੇ ਆਪ ਨੂੰ ਗੁਰੂ ਜੀ ਦੇ ਅਰਪਣ ਕਰ ਦਿਤਾ। ਨਤੀਜੇ ਵਜੋਂ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੀ ਬਖਸ਼ਿਸ਼ ਹੋਈ ਅਤੇ ਉਹ ਰੱਬੀ ਜੋਤਿ ਦਾ ਰੂਪ ਬਣ ਗਏ। ਗੁਰੂ ਜੀ ਦੇ ਆਦੇਸ਼ ਅਤੇ ਆਚਰਨਕ ਨਿਯਮਾਂ ਅਨੁਸਾਰ ਇੱਕ ਸਿੱਖ ਲਈ ਗੁਰੂ ਜੀ ਦੀ ਮਿਹਰ ਦੀ ਬਖਸ਼ਿਸ਼ ਲੈਣ ਵਾਸਤੇ ਆਪਣਾ ਨਿਤ ਦਾ ਕਾਰ ਵਿਹਾਰ ਕਰਦਿਆਂ ਆਪਣਾ ਜੀਵਨ ਅਧਿਆਤਮਕ ਅਤੇ ਨੈਤਕ ਢੰਗ ਨਾਲ ਜੀਊਣਾ ਜ਼ਰੂਰੀ ਹੈ। ਗੁਰੂ ਜੀ ਦਾ ਆਦੇਸ਼ ਸਪਸ਼ਟ ਹੈ:-

''ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਿਲੁ ਪਾਇਸੀ।''

(ਆਸਾ ਦੀ ਵਾਰ, ਪਉੜੀ ੧੫, ਪੰਨਾ ੪੭੧)

## ਗੁਰੂ ਜੀ ਦਾ ਜੋਤੀ ਜੋਤਿ ਸਮਾਉਣਾ :

ਗੁਰੂ ਜੀ ਇਹ ਜਾਣਦਿਆਂ ਕਿ ਉਨ੍ਹਾਂ ਦਾ ਸਰੀਰ ਤਿਆਗਣ ਦਾ ਸਮਾਂ ਨੇੜੇ ਆ ਰਿਹਾ ਹੈ, ਆਪਣਾ ਜਾਨਸ਼ੀਨ ਨਿਸ਼ਚਿਤ ਕਰਨਾ ਜ਼ਰੂਰੀ ਸਮਝਦੇ ਸਨ। ਉਹਨਾਂ ਦੇ ਪੁਤਰਾਂ ਨੇ ਗੁਰੂ ਜੀ ਦਾ ਹੁਕਮ ਨਹੀਂ ਮੰਨਿਆ ਸੀ, ਇਸ ਲਈ ਉਹ ਗੁਰਗੱਦੀ ਦੇ ਯੋਗ ਨਹੀਂ ਸਾਬਤ ਹੋਏ ਸਨ।

੨ ਸਤੰਬਰ ੧੫੩੯ (੨ ਅੱਸੂ ੧੫੯੬ ਬਿਕਰਮੀ, ਅੱਸੂ ਵਦੀ ੫) ਨੂੰ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਅੱਗੇ ਪੰਜ ਪੈਸੇ ਰੱਖਕੇ ਮੱਥਾ ਟੇਕਿਆ ਗੁਰਗੱਦੀ ਦੀ ਬਖਸ਼ਿਸ਼ ਵਜੋਂ। ਉਨ੍ਹਾਂ ਨੇ ਭਾਈ ਲਹਿਣਾ ਜੀ ਦੇ ਸੀਸ ਉਤੇ ਅਧਿਆਤਮਕ ਬਾਦਸ਼ਾਹੀ ਦਾ ਛਤਰ ਝੁਲਾ ਦਿੱਤਾ। ਇਸ ਤਰ੍ਹਾਂ ਇਨ੍ਹਾਂ ਨੇ ਦੂਜੇ ਨਾਨਕ ਬਣਾਕੇ ਨਾਮ ਗੁਰੂ ਅੰਗਦ ਦੇਵ ਰਖ ਦਿੱਤਾ।

''ਜੋਤਿ ਉਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।''

(ਰਾਮਕਲੀ ਕੀ ਵਾਰ, ਰਾਇ ਬਲਵੰਡ, ਪੰਨਾ ੯੬੬)

ਜਦ ਗੱਦੀ ਗੁਰੂ ਅੰਗਦ ਜੀ ਨੂੰ ਦਿਤੀ ਗਈ, ਲੋਕਾਂ ਨੇ ਅਨੁਭਵ ਕੀਤਾ ਕਿ ਗੁਰੂ ਨਾਨਕ ਜੀ ਛੇਤੀ ਹੀ ਸੰਸਾਰ ਤੋਂ ਸਰੀਰ ਤਿਆਗ ਦੇਣਗੇ। (ਰੱਬੀ ਪ੍ਰਕਾਸ਼ ਅਤੇ ਜੋਤਿ ਦੇ ਤੌਰ ਤੇ ਤਾਂ ਗੁਰੂ ਸਦਾ ਮੌਜੂਦ ਹਨ।) ਸਾਰੇ ਪਾਸਿਆਂ ਤੋਂ ਸਿੱਖ, ਹਿੰਦੂ ਅਤੇ ਮੁਸਲਮਾਨ ਲੋਕ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨ ਆਏ।

ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪਣ ਪਿਛੋਂ ਗੁਰੂ ਨਾਨਕ ਜੀ ਦੇ ਪੁਤਰਾਂ ਨੇ ਪਿਤਾ ਕੋਲੋਂ ਪੁਛਿਆ ਕਿ ਉਹਨਾਂ ਲਈ ਕੀ ਪ੍ਰਬੰਧ ਕਰ ਚੱਲੇ ਹਨ। ਗੁਰੂ ਜੀ ਨੇ ਉਤਰ ਦਿੱਤਾ, ''ਮੇਰੇ ਬੱਚਿਓ, ਅਕਾਲ ਪੁਰਖ ਆਪਣੇ ਰਚੇ ਸਾਰੇ ਜੀਵਾਂ ਦਾ ਪਾਲਣ ਪੋਸਣ, ਕਰਨਹਾਰ ਹੈ, ਸੋ ਤੁਹਾਨੂੰ ਭੋਜਨ, ਕਪੜਾ ਬਹੁਤ ਮਿਲੇਗਾ ਅਤੇ ਜੋ ਤੁਸੀਂ ਅਕਾਲ ਪੁਰਖ ਨਾਮ ਦਾ ਸਿਮਰਨ ਕਰਦੇ ਰਹੋਗੇ ਅਤੇ ਉਹ ਤੁਹਾਡੀ ਰੱਖਿਆ ਕਰੇਗਾ।''

ਦੇਹ ਤਿਆਗਣ ਪਿਛੋਂ ਗੁਰੂ ਜੀ ਦੇ ਮੁਸਲਮਾਨ ਸ਼ਰਧਾਲੂ ਉਨ੍ਹਾਂ ਦੀ ਮਿਰਤਕ ਦੇਹ ਨੂੰ ਦੱਬਣਾ ਚਾਹੁੰਦੇ ਸਨ। ਹਿੰਦੂ ਸ਼ਰਧਾਲੂ ਸਸਕਾਰ ਕਰਨ ਦੀ ਇੱਛਾ ਰਖਦੇ ਸਨ। ਜਦ ਗੁਰੂ ਜੀ ਤੋਂ ਪੁਛਿਆ ਗਿਆ ਕਿ ਕੀ ਕਰੀਏ ਤਾਂ ਗੁਰੂ ਜੀ ਨੇ ਉੱਤਰ ਦਿਤਾ, ''ਹਿੰਦੂ ਮੇਰੇ ਸਜੇ ਪਾਸੇ ਫੁੱਲ ਰਖ ਦੇਣ ਅਤੇ ਮੁਸਲਮਾਨ ਖੱਬੇ ਪਾਸੇ। ਅਗਲੀ ਸਵੇਰ ਜਿਸ ਪਾਸੇ ਦੇ ਫੁੱਲ ਤਾਜ਼ਾ ਰਹਿਣਗੇ ਉਹੀ ਆਪਣੀ ਇੱਛਾ ਅਨੁਸਾਰ ਮੇਰੀ ਦੇਹ ਦਾ ਨਿਪਟਾਰਾ ਕਰ ਲੈਣ।

ਗੁਰੂ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਆਪਣੇ ਉਪਰ ਚਾਦਰ ਪਾ ਲਈ ਸੀ। ਸਵੇਰੇ ਜਦ ਚਾਦਰ ਚੁੱਕੀ ਤਾਂ ਗੁਰੂ ਜੀ ਦੀ ਦੇਹ ਉਥੇ ਨਹੀਂ ਸੀ, ਪਰ ਫੁੱਲ ਦੋਹਾਂ ਪਾਸਿਆਂ ਤੇ ਤਾਜ਼ੇ ਰਹੇ ਸਨ। ਜੋਤਿ ਅਕਾਲ ਪੁਰਖ ਦੀ ਮਹਾਨ ਜੋਤਿ ਵਿੱਚ ਸਮਾ ਗਈ ਅਤੇ ਗੁਰੂ ਜੀ ਦੀ ਆਤਮਾ ਪਰੀ ਪੂਰਨ ਮਹਾਨ ਆਤਮਾ ਵਿੱਚ ਜਾ ਰਲੀ। ਇਸ ਤੋਂ ਇਸ ਤਥ ਦੀ ਪੁਸ਼ਟੀ ਹੁੰਦੀ ਹੈ ਕਿ ਗੁਰੂ ਜੀ ਇੱਕ ਸਰੀਰ ਨਹੀਂ ਸੀ, ਸਗੋਂ ਰੱਬੀ ਜੋਤਿ ਸੀ।

ਹਿੰਦੂਆਂ ਅਤੇ ਮੁਸਲਮਾਨਾਂ ਨੇ ਆਪਣੇ ਆਪਣੇ ਫੁੱਲ ਚੁਕ ਲਏ ਅਤੇ ਚਾਦਰ ਅੱਧੋ ਅੱਧ ਕਰਕੇ ਵੰਡ ਲਈ। ਹਿੰਦੂਆਂ ਨੇ ਆਪਣੇ ਹਿੱਸੇ ਦੀ ਚਾਦਰ ਦਾ ਸਸਕਾਰ ਕਰ ਦਿਤਾ ਅਤੇ ਮੁਸਲਮਾਨਾਂ ਨੇ ਦੱਬ ਦਿੱਤੀ। ਇਹ ਭਾਣਾ ਕਰਤਾਰਪੁਰ ੨੨ ਸਤੰਬਰ ੧੫੩੯ (੨੩ ਅੱਸੂ, ਵਦੀ ੧੦, ਸੰਮਤ ੧੫੯੬) ਨੂੰ ਵਰਤਿਆ। ਗੁਰੂ ਜੀ ਦੀ ਆਯੂ ਸਾਢੇ ਸੱਤਰ ਕੁ ਵਰ੍ਹੇ ਸੀ।

ਗੁਰੂ ਜੀ ਦੇ ਸਤਿਕਾਰ ਵਜੋਂ ਸਿੱਖਾਂ ਨੇ ਉਥੇ ਇੱਕ ਗੁਰਦਵਾਰਾ ਉਸਾਰ ਲਿਆ ਅਤੇ ਮੁਸਲਮਾਨਾਂ ਨੇ ਇੱਕ ਸਮਾਧੀ ਰਾਵੀ ਦਰਿਆ ਦੇ ਕੰਢੇ। ਉਸ ਪਿਛੋਂ ਇਹ ਦੋਵੇਂ ਦਰਿਆ ਰੋੜ੍ਹ ਕੇ ਲੈ ਗਿਆ ਹੋਇਆ ਹੈ, ਸ਼ਾਇਦ ਇੱਕ ਅਗੰਮੀ ਸ਼ਕਤੀ ਰਾਹੀਂ ਤਾਂ ਜੁ ਗੁਰੂ ਜੀ ਦੇ ਅੰਤ ਦੇ ਸਮੇਂ ਦੇ ਅਸਥਾਨ ਦੀ ਮੂਰਤੀ ਪੂਜਾ ਨਾ ਹੋਵੇ।

ਪੁਰਾਤਨ ਸਮਿਆਂ ਵਿੱਚ ਰੀਤਾਂ ਰਸਮਾਂ ਅਤੇ ਵਹਿਮ ਭਰਮ ਮੰਨੇ ਜਾਂਦੇ ਸਨ।ਧਰਮ ਨਿਘਰਕੇ ਕੇਵਲ ਰੀਤਾਂ ਰਸਮਾਂ ਹੀ ਰਹਿ ਗਿਆ ਸੀ। ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਉਪਦੇਸ਼ ਰੀਤਾਂ ਰਸਮਾਂ ਦੀ ਲਾਭਹੀਣਤਾ ਦਾ ਪਰਤੱਖ ਪਰਮਾਣ ਹਨ। ਗੁਰੂ ਜੀ ਨੇ ਇਹਨਾਂ ਦੇ ਖੋਖਲੇਪਣ ਨੂੰ ਪਰਗਟ ਕੀਤਾ ਅਤੇ ਮਨੁੱਖਾਂ ਨੂੰ ਅਜੇਹੇ ਰਿਵਾਜਾਂ ਤੋਂ ਉਤੇ ਉਠਣ ਲਈ ਉਤਸ਼ਾਹ ਦਿਤਾ। ਉਭਾਰਿਆ। ਗੁਰੂ ਜੀ ਦੇ ਹੱਥ ਨ ਤਲਵਾਰ ਸੀ, ਨ ਡੰਡਾ। ਕੇਵਲ ਇਲਾਹੀ ਸ਼ਬਦ ਰਾਹੀਂ ਉਨ੍ਹਾਂ ਨੇ ਪਰਚਾਰ ਕੀਤਾ ਕਿ ਕੇਵਲ ਨਿਰੰਕਾਰ ਪਰੀ ਪੂਰਨ ਅਕਾਲ ਪੁਰਖ ਦੀ ਪੂਜਾ ਕਰਨੀ ਚਾਹੀਦੀ ਹੈ। ਕੋਈ ਵੀ ਧਰਮ ਜੋ ਆਪਣੀਆਂ ਨਰੋਈਆਂ ਕਦਰਾਂ ਕੀਮਤਾਂ ਦੀ ਰਾਖੀ ਨਹੀਂ ਕਰਦਾ, ਉਹ ਪ੍ਰਗਤੇ ਦੇ ਨੀਵੇਂ ਪੱਧਰ ਤੇ ਖੜੋਤਾ ਹੋਇਆ ਹੈ ਅਤੇ ਸਮਾਂ ਪੈਣ ਤੇ ਅਲੋਪ ਹੋ ਜਾਣ ਵਾਲਾ ਸਮਝਿਆ ਜਾਂਦਾ ਹੈ। ਗੁਰੂ ਜੀ ਦੇ ਧਰਮ ਵਿੱਚੋਂ ਬੁਧੀਹੀਣ ਧਰਮ-ਸਿਧਾਂਤਾਂ ਅਤੇ ਬੇਮਤਲਬ ਰੀਤਾਂ ਨੂੰ ਬਾਹਰ ਰਖਿਆ ਹੈ।

੧. ਪੁਰਾਤਨ ਜਨਮ ਸਾਖੀ ਅਤੇ ਭਾਈ ਗੁਰਦਾਸ ਜੀ ਗੁਰੂ ਨਾਨਕ ਜੀ ਦਾ ਜਨਮ ਦਿਨ ੨੦ ਅਕਤੂਬਰ (ਕੱਤਕ) ਦਸਦੇ ਹਨ ਜਦ ਕਿ ਦੂਜੇ ਇਹ ਦਿਨ ੧੫ ਅਪਰੈਲ (ਵੈਸਾਖ) ਦਸਦੇ ਹਨ।

੨. ਇਹ ਗੁਰੂ ਜੀ ਦੀ ਆਦਿ ਬਾਣੀ ਕਹੀ ਜਾਂਦੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਆਸਾ ਮਹਲਾ ਪਹਿਲਾ ਪਟੀ ਲਿਖੀ ਪੰਨਾ ੪੩੨ ਤੇ ਅੰਕਤ ਹੈ।

੩. ਲਾਲੋ ਗੁਰੂ ਜੀ ਦਾ ਸਿਖ ਸੀ।

੪. ਮਰਦਾਨਾ ਇਕ ਮੁਸਲਮਾਨ ਰਬਾਬੀ ਅਤੇ ਗੁਰੂ ਜੀ ਦਾ ਸ਼ਰਧਾਲੂ ਅਤੇ ਨਿਰੰਤਰ ਸਾਥੀ ਸੀ।

੫. ਜਦੋਂ ਬਾਣੀ ਧੁਰ ਅਕਾਲ ਪੁਰਖ ਤੋਂ ਗੁਰੂ ਜੀ ਦੇ ਹਿਰਦੇ ਵਿਚ ਆਈ ਉਸ ਨੂੰ 'ਉਚਾਰਣ' ਕਿਹਾ ਹੈ ਵਰਨਾ 'ਪੜ੍ਹੀਂ' ਦਾ ਅਖਰ ਵਰਤਿਆ ਗਿਆ ਹੈ।

੬. ਕੁਝ ਲੇਖਕ ਕਹਿੰਦੇ ਹਨ ਕਿ ਇਸ਼ਨਾਨ ਕਰਨ ਤੋਂ ਬਾਦ ਗੁਰੂ ਜੀ ਨਾਲ ਦੇ ਜੰਗਲ ਵਿਚ ਚਲੇ ਗਏ।

੭. ਜਨਮ ਸਾਖੀਆਂ ਵਿੱਚ ਗੁਰੂ ਜੀ ਦੇ ਸਫਰਾਂ ਨੂੰ ਉਦਾਸੀਆਂ ਲਿਖਿਆ ਹੋਇਆ ਹੈ। ਆਮ ਤੌਰ ਤੇ ਉਦਾਸੀ ਦਾ ਭਾਵ ਜਗਤ ਦਾ ਤਿਆਗ ਹੈ। ਪਰ ਗੁਰੂ ਨਾਨਕ ਜੀ ਨੇ ਜਗਤ ਦਾ ਤਿਆਗ ਕਦੇ ਨਹੀਂ ਕੀਤਾ।

੮. ਕਈ ਲੇਖਕ ਕਹਿੰਦੇ ਹੈਂ ਕਿ ਗੁਰੂ ਜੀ ਪਹਿਲੀ ਉਦਾਸੀ ਪੂਰਬ (ਈਸਟ) ਵਿੱਚ ਪੂਰੀ ਦੇ ਮਕਾਮ ਤੋਂ ਬਾਦ ਵਾਪਿਸ ਆ ਗਏ ਸਨ ਅਤੇ ਫੇਰ ਦੂਜੀ ਉਦਾਸੀ ਵਿੱਚ ਦੱਖਣ (ਸਾਊਥ) ਵਲ ਗਏ।

੯. ਸਜਣ ਤੋਂ ਭਾਵ ਹੈ ਮਿੱਤਰ।

੧੦. ਇਸ ਨੂੰ ਚਰਨਾਮ੍ਰਿਤ ਵੀ ਕਹਿੰਦੇ ਹਨ। ਇਹ ਸਿਖ ਬਣਨ ਦੀ ਇਕ ਰੀਤ ਸੀ। ਗੁਰੂ ਜੀ ਦੇ ਚਰਨ ਪਾਣੀ ਵਿਚ ਧੋ ਕੇ ਉਹ ਪਾਣੀ ਪੀਣਾ ਅਤੇ ਨਾਲ ਹੀ ਜਪੁਜੀ ਸਾਹਿਬ ਵਿਚੋਂ ਮੂਲ ਮੰਤਰ ਦਾ ਪਾਠ ਕੀਤਾ ਜਾਂਦਾ ਸੀ। ਇਹ ਰਸਮ ਗੁਰੂ ਜੀ ਦੁਆਰਾ ਹੀ ਹੁੰਦੀ ਸੀ।

੧੧. 'ੳ' ਅੱਖਰ ਸਦੀਵੀ ਅਕਾਲ ਪੁਰਖ ਦਾ ਪ੍ਰਤੀਕ ਹੈ। ਅਕਾਲ ਪੁਰਖ ਨਾਮ ਦੀ ਥਾਂ ਇਹ ਅਖਰ ਵਰਤਿਆ ਜਾਂਦਾ ਸੀ।

੧੨. ਇਸ ਦਾ ਭਾਵ ਹੈ ਕਿ ਉਹ ਭਾਗਾਂ ਵਾਲੀਆਂ ਹਨ। ਅੰਬ ਦਾ ਬਿਰਛ ਸਦਾ ਹੀ ਹਰਿਆਵਲਾ ਅਤੇ ਛਾਂ ਦੇਣ ਵਾਲਾ ਹੁੰਦਾ ਹੈ।

੧੩. ਮਲਿਆਨਲੋ ਹਵਾ ਸੰਦਲ ਦੇ ਬ੍ਰਿਛ ਵਲੋਂ ਆਉਂਦੀ।

੧੪. ਸੰਸਾਰ ਦੀਆਂ ਸਾਰੀਆਂ ਅਖਾਂ ਤੇਰੀਆਂ ਹਨ, ਪਰ ਤੂੰ ਨਿਰਾਕਾਰ ਹੈ ਸੋ ਤੇਰੀ ਕੋਈ ਅਖ ਨਹੀਂ।

੧੫. ਸਾਰੰਗ ਪੰਛੀ ਨੂੰ ਚਾਤ੍ਰਿਕ ਜਾਂ ਪਪੀਹਾ ਵੀ ਕਹਿੰਦੇ ਹਨ। ਇਹ ਪਾਣੀ ਕੇਵਲ ਉਸ ਸਮੇਂ ਪੀਂਦਾ ਹੈ ਜਦ ਚੰਦਰਮਾ

੧੬. ਕਈ ਲਿਖਾਰੀਆਂ ਦਾ ਖਿਆਲ ਹੈ ਕਿ ਗੁਰੂ ਜੀ ਕੁਰਕਸ਼ੇਤਰ ਪਹਿਲੀ ਉਦਾਸੀ ਦੇ ਅਰੰਭ ਵਿਚ ਗਏ ਸਨ।

੧੮. ਪਸੂਆਂ ਦਾ ਮਾਸ

੧੯. ਪਾਣੀ ਨਾਲ ਪੈਦਾਵਾਰ ਹੁੰਦੀ ਹੈ ਅਤੇ ਪਸੂ ਪੈਦਾਵਾਰ ਤੇ ਪਲਦੇ ਹੈਂ।

੨੦. ਕਈ ਲਿਖਾਰੀਆਂ ਦਾ ਖਿਆਲ ਹੈ ਕਿ ਦੂਜੀ ਉਦਾਸੀ ਦਾ ਰਾਹ ਹੋਰ ਸੀ। ਉਹ ਕਹਿੰਦੇ ਹਨ ਕਿ ਗੁਰੂ ਜੀ ਤਲਵੰਡੀ ਤੋਂ ਲਾਹੌਰ ਗਏ। ਫੇਰ ਸੁਲਤਾਨਪੁਰ ਅਤੇ ਜਲੰਧਰ ਹੁਸ਼ਿਆਰਪੁਰ ਹੁੰਦੇ ਹੋਏ ਪੀਰ ਬੁਧੂ ਸ਼ਾਹ ਦੀ ਜਗ੍ਹਾ ਤੇ ਪਹੁੰਚੇ ਜਿਥੇ ਛੇਵੇਂ ਪਾਤਸ਼ਾਹ ਨੇ ਫੇਰ ਕੀਰਤਪੁਰ ਸ਼ਹਿਰ ਵਸਾਇਆ।ਉਥੋਂ ਉਹ ਬਿਲਾਸਪੁਰ ਗਏ, ਮੰਡੀ, ਰਵਾਲਸਰ, ਜਵਾਲਾ ਜੀ ਤੇ ਕਾਂਗੜਾ ਪਹੁੰਚੇ। ਉਥੋਂ ਉਹ ਬੈਜਨਾਥ, ਕੁਲੂ ਅਤੇ ਸਪਤੀ ਵੈਲੀ ਗਏ ਅਤੇ ਮਲਾਨੀ ਪਿੰਡ ਵਿਚ ਠਹਿਰੇ। ਇਸ ਪਿੰਡ ਵਿਚ ਗੁਰੂ ਸਾਹਿਬ ਦੀਆਂ ਦਿਤੀਆਂ ਹੋਈਆਂ ਚੀਜ਼ਾਂ ਨੇ ਜਿਨ੍ਹਾਂ ਨੂੰ ਪਿੰਡ ਵਾਲੇ ਪੂਜਦੇ ਹਨ। ਉਥੋਂ ਪਰਾਂਗ ਰਸਤਿਆਂ ਵਿਚੋਂ ਲੰਘਦੇ ਹੋਏ ਤਿੱਬਤ ਪਹੁੰਚੇ ਫੇਰ ਮਾਨਸਰੋਵਰ ਝੀਲ, ਕੈਲਾਸ਼ ਪਰਬਤ (ਸੁਮੇਰ ਪਰਬਤ) ਗਏ। ਚਸੂਲ ਰਾਹ ਤੋਂ ਉਹ ਲਦਾਖ ਗਏ ਫੇਰ ਸਕਾਰਦੂ ਤੇ ਕਾਰਗਲ ਹੁੰਦੇ ਹੋਏ ਅਮਰਨਾਥ ਪਹੁੰਚ ਗਏ। ਪਹਿਲਗਾਮ ਅਤੇ ਅਨੰਤਨਗਰ ਹੁੰਦੇ ਹੋਏ ਸਿਰੀਨਗਰ ਪਹੁੰਚੇ ਫੇਰ ਬਾਰਾਮੂਲਾ, ਹਸਨ ਅਬਦਾਲ, ਟੀਲਾ ਬਲ ਮੁਦਾਈ ਤੇ ਸਿਆਲਕੋਟ ਹੁੰਦੇ ਹੋਏ ਵਾਪਿਸ ਤਲਵੰਡੀ ਪਹੁੰਚੇ।

੨੧. ਸਿੱਧਾਂ ਨਾਲ ਚਰਚਾ ਗੁਰੂ ਗ੍ਰੰਥ ਸਾਹਿਬ ਵਿਚ ਰਾਗੁ ਰਾਮਕਲੀ ਮਹੱਲਾ ੧ 'ਸਿਧ ਗੋਸਟਿ' ਪੰਨਾ ੯੩੮ ਤੇ ਹੈ। ਕਈ ਆਖਦੇ ਹਨ ਕਿ ਇਹ ਚਰਚਾ ਸਿਧਾਂ ਨਾਲ ਅਚੱਲ ਬਟਾਲੇ ਹੋਈ ਹੈ ਪਰ ਇਹ ਸਮਝਣ ਵਾਲੀ ਗਲ ਹੈ ਕਿ ਐਥੇ ਗੁਰੂ ਸਾਹਿਬ ਨੌਜਵਾਨ ਸਨ ਅਤੇ ਅਚੱਲ ਬਟਾਲੇ ਸ਼ਿਵਰਾਤ ਦੇ ਮੇਲੇ ਤੇ ਉਹ ਆਪਣੀ ਉਮਰ ਤੇ ਆਖਰੀ ਸਾਲ ਵਿਚ ਸਨ। ਸਿਧ ਗੋਸਟ ਵਿਚ ਹਜ਼ੂਰ ਨੂੰ 'ਬਾਲੇ' (ਨੌਜਵਾਨ) ਕਹਿਕੇ ਪੁਕਾਰਿਆ ਗਿਆ ਹੈ। ਕਈ ਕਹਿੰਦੇ ਨੇ ਕਿ ਇਹ ਚਰਚਾ ਦੋਨੋਂ ਜਗਾ ਹੋਈ ਹੈ ਸਿਧਾਂ ਨਾਲ।

੨੨. ਭਾਈ ਗੁਰਦਾਸ-ਵਾਰ ਪਹਿਲੀ, ਪਉੜੀ ੩੨

੨੩. ਭਹਾਈ ਗੁਰਦਾਸ- ਵਾਰ ਪਹਿਲੀ, ਪਉੜੀ ੩੫-੩੬

੨੪. ਮੁੱਲਾਂ ਮਸੀਤ ਵਿਚ ਆਪਣਾ ਸਾਰਾ ਵਕਤ ਗੁਜ਼ਾਰਦਾ ਹੈ ਤਾਂ ਉਸਨੂੰ ਵਧੇਰੇ ਦਾਨ ਮਿਲੇ।

੨੫. ਜੋਗੀ ਲੋਕ।

੨੬. ਭੰਗਰਨਾਥ ਜੋਗੀਆਂ ਦਾ ਮੁਖੀ ਸੀ।

੨੭. ਟੰਕ ਭਾਰਤ ਵਿਚ ਇਕ ਤੋਲ ਹੈ ਜੋ ਚੌਲਾਂ ਦੇ ੨੫੬ ਦਾਣਿਆਂ ਦੇ ਵਜ਼ਨ ਬਰਾਬਰ ਹੁੰਦਾ ਹੈ। ਇਸ ਤੁਕ ਦਾ ਭਾਵ ਹੈ ਕਿ ਜੇ ਗੁਰੂ ਜੀ ਅਜੇਹੀ ਕਰਾਮਾਤ ਕਰ ਸਕਦੇ।

੨੮. ਸ਼ਰਾਧ ਮਰ ਗਏ ਪੁਰਖਿਆ ਨੂੰ ਅਰਪਨ ਕੀਤੇ ਪੂੜੇ, ਆਦਿ